ਜਜ਼ਬਾਤਾਂ ਦੇ ਤੀਰ

ਏਸੇ ਕਲਮ ਤੋਂ:

- ਚੁੱਪ ਦਾ ਅੰਜਾਮ (2015)

ਜਜ਼ਬਾਤਾਂ ਦੇ ਤੀਰ

ਬਲਬਹਾਦਰ ਬਰਾੜ

ਸਪਤਰਿਸ਼ੀ ਪਬਲੀਕੇਸ਼ਨਜ਼
ਚੰਡੀਗੜ੍ਹ

Jazbaatan De Teer

by

Balbahadur Brar
Village: Wander Jatana
District: Faridkot - 151209
Mobile No. 85283-20201

ISBN: 978-93-86318-43-5

Copyright: Author

First Edition: 2013

Second Edition: 2017

Follow on Facebook- Balbahadur Brar

Published by
Sapatrishi Publications
24/9, Industrial Area, Phase -2,
Near Tribune Chowk, Chandigarh.
M- 094630-88272, 0172-5002591
E-mail: sapatrishi94@gmail.com
Website: www.sapatrishipublications.in

This book or any part there of must not be produced in any form what so ever, without written permission of the Author.

ਸਪਰਪਣ

ਆਪਣੀ ਗੁੰਮਨਾਮੀ ਨੂੰ

ਤਤਕਰਾ

- ਆਲੋਚਕ ਨਾਲ ਇੰਟਰਵਿਊ 8
- ਖੁਸ਼ਕਿਸਮਤ ਕਵਿਤਾ 10
- ਐਸ਼ਪ੍ਰਸਤਾਂ ਨੂੰ ਸੰਬੋਧਨ 13
- ਕਈ ਵਾਰ 16
- ਹਾਲੇ ਵੀ 18
- ਅਸੀਂ ਜੋ ਹਾਂ 22
- ਨਜ਼ਰ 25
- ਮੁਹੱਬਤ 26
- ਆਗਾਜ਼ 27
- ਖ਼ਤਰਨਾਕ ਜਵਾਨੀ 29
- ਕੜਮੇ 30
- ਖੌਫ਼ਜ਼ਦਾਜ ਰੁੱਤ 33
- ਵਜੂਦ 34
- ਪਛਤਾਵਾ 36
- ਜਜ਼ਬਾਤਾਂ ਦੇ ਤੀਰ 39
- ਕਾਸ਼! 41
- ਹਿੰਮਤ ਦੀ ਝਲਕ 42
- ਸਿਵਿਆਂ ਦੀ ਛੱਤਰੀ 44
- ਉਹੀ ਮਨੁੱਖ 45
- ਉਦੋਂ ਫਿਰ 48
- ਅਜੇ ਵੀ 51
- ਜ਼ਿੰਦਗੀ 54
- ਰੱਬ 56

- ਜ਼ਿੰਦਗੀ ਦਾ ਗੀਤ 57
- ਪਾਗਲਪਣ 62
- ਕੋਈ ਹੱਕ ਨਹੀਂ 65
- ਜ਼ਿੰਦਗੀ ਦੇ ਸਤਾਏ ਹੋਏ ਲੋਕ 68
- ਦਰਦ 70
- ਖੁੱਲ੍ਹੀ ਕਵਿਤਾ ਦੇ ਆਲੋਚਕ ਨੂੰ 71
- ਵਜ੍ਹਾ 73
- ਓਹੀ 75
- ਸਭ ਤੋਂ ਵੱਡਾ ਸੱਭਿਆਚਾਰ 77
- ਘੱਟ ਗਿਣਤੀਆਂ 79
- ਉਹ ਉਦੋਂ ਕਿੱਥੇ ਹੁੰਦਾ 81
- ਸਾਡੀ ਕਵਿਤਾ 84
- ਕਿਵੇ ਹੋ ਸਕਦੈ 87
- ਰੁਮਾਂਟਿਕ ਤੇ ਮੌਸਮੀ ਕਵੀਆਂ ਨੂੰ 89
- ਸਵਾਲ 92
- ਗੁੰਮਨਾਮ 93
- ਕਾਵਿ-ਖ਼ਿਆਲ 94

ਆਲੋਚਕ ਨਾਲ ਇੰਟਰਵਿਊ

ਮੈਂ ਦੱਸਿਆ ਆਪਣਾ ਨਾਂ	–	ਉਹ ਕਹਿੰਦਾ ਨਾਂ ਅਜੇ ਰੱਬ ਦਾ ਨਹੀਂ ਪੱਕਾ ਪਿਆ, ਹੋਰ ਦੱਸ।
ਮੈਂ	–	ਮੇਰੀਆਂ ਅੱਖਾਂ 'ਚ ਹੈ ਵੱਖਰੀ ਚਮਕ।
ਆਲੋਚਕ	–	ਅੱਖਾਂ ਤਾਂ ਜਾਨਵਰਾਂ ਦੀਆਂ ਵੀ ਨੇ ਰੌਸ਼ਨੀ ਪਈ ਤੋਂ ਜਗਦੀਆਂ।
ਮੈਂ	–	ਮੇਰੀ ਸੋਚ ਹੈ ਅਲੱਗ।
ਆਲੋਚਕ	–	ਸੋਚ ਤਾਂ ਸੱਦਾਮ ਤੇ ਲਾਦੇਨ ਦੀ ਵੀ ਸੀ ਅਲੱਗ।
ਮੈਂ	–	ਮੇਰਾ ਲਹੂ ਹੈ ਉਬਾਲੇ ਖਾਂਦਾ।
ਆਲੋਚਕ	–	ਲਹੂ ਤਾਂ ਬਲਾਤਕਾਰੀ ਦਾ ਵੀ ਬੜਾ ਉੱਬਲਦਾ ਹੁੰਦਾ।
ਮੈਂ	–	ਮੇਰੇ ਅੰਦਰ ਹੈ ਕੁਝ ਕਰਨ ਦਾ ਜ਼ਜ਼ਬਾ।
ਆਲੋਚਕ	–	ਇਹ ਚੁਟਕਲਾ ਪੁਰਾਣਾ ਹੋ ਗਿਆ, ਹੋਰ ਸੁਣਾ।
ਮੈਂ	–	ਮੇਰੇ ਦੁੱਖ ਨੇ ਅਲੱਗ।
ਆਲੋਚਕ	–	ਅੱਜ ਤਾਈਂ ਇਹ ਜੌੜੇ ਹੀ ਨਹੀਂ ਜੰਮੇ।
ਮੈਂ	–	ਮੈਂ ਮੌਤ ਦਾ ਹਾਂ ਆਸ਼ਕ।
ਆਲੋਚਕ	–	ਫਿਰ ਜ਼ਿੰਦਗੀ ਦਾ ਕੀ ਹੋਇਆ ਦੱਲਾ।
ਮੈਂ	–	ਮੇਰੇ ਕੋਲ ਕਲਮ ਹੈ।
ਆਲੋਚਕ	–	ਇੰਝ ਤਾਂ ਪੰਜਾਬ ਦਾ ਹਰ ਦੂਜਾ ਬੰਦਾ ਕਹਿੰਦਾ।
ਮੈਂ	–	ਮੈਂ ਹੱਕਾਂ ਦੀ ਗੱਲ ਕਰਦਾਂ।
ਆਲੋਚਕ	–	ਤੂੰ ਦੱਸਿਆ ਨਹੀਂ ਤੈਨੂੰ ਪਾਗਲਪਣ ਵੀ ਛਿੜਦਾ।

ਮੈਂ	–	ਮੈਂ ਬਣਾਉਣਾ ਚਾਹੁਣਾਂ ਵੱਖਰੀ ਪਹਿਚਾਣ।
ਆਲੋਚਕ	–	ਆਜ਼ਾਦ ਭਾਰਤ ਦੀ ਪਹਿਲੀ ਰਾਣੀ ਵਾਂਗ ਤਾਂ ਨਹੀਂ ?
ਮੈਂ	–	ਮੈਂ ਨਹੀਂ ਕਿਸੇ ਤੋਂ ਡਰਦਾ।
ਆਲੋਚਕ	–	ਸ਼ੀਸ਼ੇ ਤੋਂ ਵੀ ਨਹੀਂ।
ਆਖ਼ਿਰ ਮੈਂ ਕਿਹਾ	–	ਮੈਨੂੰ ਮੁਆਫ਼ ਕਰੋ, ਮੈਂ ਚੱਲਿਆ।
ਆਲੋਚਕ	–	ਮੁਆਫ਼ ਤਾਂ ਕਦੇ ਅਸੀਂ ਆਪਣੇ ਆਪ ਨੂੰ ਨਹੀਂ ਕੀਤਾ ਤੇ ਜਾਣ ਵਾਲੇ ਕਦੇ ਆਉਂਦੇ ਨਹੀਂ ਹੁੰਦੇ।

ਖੁਸ਼ਕਿਸਮਤ ਕਵਿਤਾ

ਮੈਂ ਇਸ ਗੱਲੋਂ ਖੁਸ਼ਕਿਸਮਤ ਕਿ ਮੇਰੀ ਕਵਿਤਾ
ਮਸ਼ੂਕ ਦੀ ਚੁੰਨੀ ਦੀਆਂ
ਗੰਢਾਂ 'ਚ ਨਹੀਂ।

ਜੇ ਐਸਾ ਹੁੰਦਾ
ਮੈਂ ਜ਼ਿੰਦਗੀ ਨੂੰ ਨਾ ਦੱਸ ਸਕਦਾ
ਕਿ
ਉਸ ਦੇ ਸਾਰੇ ਜੀਅ ਗਲਵੱਕੜੀਆਂ
'ਚ ਨਹੀਂ ਸੌਂਦੇ।

ਇੱਥੇ ਹਰ ਕਿਸੇ ਨੂੰ ਚੰਨ
ਮਨੁੱਖੀ ਮੂੰਹ ਵਰਗਾ ਨਹੀਂ ਲੱਗਦਾ।

ਹਰ ਕਿਸੇ ਲਈ ਸਾਉਣ ਦਾ ਮਹੀਨਾ
ਛਰਾਟੇਦਾਰ ਨਹੀਂ ਹੁੰਦਾ।

ਹਰ ਕੋਈ ਫੁੱਲਾਂ ਦੀ ਘਾਟੀ ਦਾ
ਆਸ਼ਕ ਨਹੀਂ ਹੁੰਦਾ।

ਹਰ ਕਿਸੇ ਲਈ ਵਾਲ ਜ਼ੁਲਫ਼
ਨਹੀਂ ਬਣਦੇ।

ਨਾ ਹੀ ਮੈਂ ਦੱਸ ਸਕਦਾ–

ਤੈਨੂੰ ਐ ਜ਼ਿੰਦਗੀ!
ਕਿ
ਤੈਥੋਂ ਵੱਡਾ ਕੋਈ ਸੰਘਰਸ਼ ਨਹੀਂ ।

ਤੈਥੋਂ ਲੰਮਾ ਕੋਈ ਯੁੱਧ ਨਹੀਂ ।

ਮੈਂ ਇਸ ਗੱਲੋਂ ਖ਼ੁਸ਼ਕਿਸਮਤ–
ਕਿ
ਮੇਰੇ 'ਤੇ 'ਬੇਵਫ਼ਾ' ਸ਼ਬਦ ਨੇ
ਜਾਦੂ ਨਹੀਂ ਕੀਤਾ ।

ਮੇਰੇ 'ਚੋਂ ਹਾਰੇ ਹੋਏ ਆਸ਼ਕ ਦਾ
ਮੁਸ਼ਕ ਨਹੀਂ ਆਉਂਦਾ ।

ਮੈਂ ਸਮਝਿਆ ....

ਹਰ ਕੋਈ ਦਾਨਾਬਾਦ ਜਾਂ
ਤਖ਼ਤ ਹਜ਼ਾਰੇ ਨਹੀਂ ਜੰਮਦਾ ।

ਹਰ ਕਿਸੇ ਦੀ ਮੰਜ਼ਿਲ ਝੰਗ
ਨਹੀਂ ਹੁੰਦੀ ।

ਹਰ ਕਿਸੇ ਕੋਲ ਹਵਾ–ਡੱਕਣੀ
ਬੱਕੀ ਨਹੀਂ ਹੁੰਦੀ ।

ਮੈਂ ਸਮਝਿਆ ...

ਇੱਥੇ ਕਸ਼ਮੀਰ, ਬਗਦਾਦ, ਕਾਬੁਲ
ਵੀ ਨੇ
ਜਿੱਥੇ ਨਵ-ਜੰਮਿਆਂ ਨੂੰ ਦਿੱਤੀ ਜਾਵੇ
ਗੋਲੀਆਂ ਦੀ ਆਵਾਜ਼ ਦੀ ਲੋਰੀ ।
ਜਿੱਥੇ ਲਗਾਇਆ ਜਾਵੇ ਬਾਰੂਦ ਦਾ
ਤਿਲਕ ।

ਜਿੱਥੇ ਕਰਫਿਊ ਤੋਂ ਵੱਡਾ ਕੋਈ ਜਸ਼ਨ
ਨਾ ਹੋਵੇ
ਜਾਂ
ਹਰ ਤਿਉਹਾਰ ਦੀ ਨਿਸ਼ਾਨੀ ਹੋਣ
ਮਾਸੂਮਾਂ ਦੇ ਹਵਾ 'ਚ ਉੱਡਦੇ ਚੀਥੜੇ ।

ਮੈਂ ਸਮਝਿਆ ...
ਕਿਸੇ ਲਈ ਫ਼ੌਜ ਦੀ ਭਰਤੀ
ਜਾਂ
ਮਾਸਟਰਾਂ ਦੀਆਂ ਆਸਾਮੀਆਂ
ਹੀ ਨੇ ਮੰਜ਼ਿਲ ।

ਮੈਂ ਸਮਝਿਆ ...

ਕਿਸੇ ਕੋਲ ਆਪਣੇ ਪਾਟੇ ਪੈਰਾਂ ਤੋਂ
ਸਿਵਾਏ, ਕੋਈ ਹੋਰ ਵਾਹਨ
ਨਹੀਂ ਹੁੰਦਾ।

18 ਅਗਸਤ 2010

* * * * * *

ਐਸ਼ਪ੍ਰਸਤਾਂ ਨੂੰ ਸੰਬੋਧਨ

ਉਹ ਸੀਮਿਤ ਨੇ
ਪਿਆਰ, ਇਸ਼ਕ, ਮੁਹੱਬਤ ਤੱਕ।

ਪਰ
ਅਸੀਂ ਜਾਣਨਾ ਹਾਂ ਚਾਹੁੰਦੇ
ਮਨੁੱਖਤਾ, ਇਨਸਾਨੀਅਤ ਦੇ ਦਰਦ
ਦਾ ਇਤਿਹਾਸ।

ਉਹ ਦੇਖਦੇ ਨੇ
ਨੈਣਾਂ, ਜੇਬਾਂ ਅੰਦਰ।

ਪਰ
ਅਸੀਂ ਹਾਂ ਦੇਖਦੇ ਦਿਲਾਂ ਵਿੱਚ,
ਮਗਜ਼ਾਂ ਵਿੱਚ।

ਉਹ ਮਸਤ ਨੇ
ਪੱਬਾਂ, ਕਲੱਬਾਂ 'ਚ

ਸਾਨੂੰ ਹੋਸ਼ ਹੀ ਨਹੀਂ
ਆਪਣੀ ਜ਼ਿੰਦਗੀ ਦੀ ਇਕੱਲਤਾ
ਦੇ ਚਿੰਤਨ ਤੋਂ।

ਉਹ
ਸਾਨੂੰ ਨੇ ਕਹਿੰਦੇ

ਜ਼ਿੰਦਗੀ ਦੇ ਦਿਹਾੜੀਦਾਰ।
ਜ਼ਿੰਦਗੀ ਦੇ ਕੈਦੀ
ਤੇ

ਖ਼ੁਦ ਨੂੰ ਕਹਾਉਣ
ਫ਼ੱਕਰ, ਮਸਤ, ਦੀਵਾਨੇ!

ਕਾਸ਼ !
ਉਹ ਜਾਣਦੇ
'ਫ਼ਕੀਰ'
ਕੇਵਲ ਜੰਮਦੇ ਨੇ
ਕਦੇਂ ਮਰਦੇ ਨਹੀਂ।

ਪਰ
ਇਹ ਕਾਗਜ਼ੀ ਫ਼ਕੀਰ
ਸਾਹਾਂ ਦੀ ਮੌਤ ਮਰਨ ਤੋਂ
ਪਹਿਲਾਂ ਮਰਨ

ਕਦੇ
ਨਾਰ ਦੀ ਇੱਜ਼ਤ 'ਤੇ
ਕਦ ਪੈਸੇ ਦੇ ਢੇਰ 'ਤੇ

'ਸ਼ਾਇਦ'
ਕੋਈ ਮੱਤ ਦੇਵੇ ਇਨ੍ਹਾਂ ਨੂੰ

ਕਿਸੇ ਦੇ ਜਾਤੀ ਹੱਕ ਨਹੀਂ ਹੁੰਦੇ
ਇਹ ਪਿਆਰ, ਇਸ਼ਕ, ਮੁਹੱਬਤ, ਵਫ਼ਾ।

ਚਾਹੇ,
ਉਹ ਇਨਸਾਨੀਅਤ ਲਈ ਹੋਵੇ
ਜਾਂ
ਇਨ੍ਹਾਂ ਦੇ ਹੁਸਨਾਂ ਲਈ ।

16 ਅਕਤੂਬਰ 2011

* * * * * *

ਕਈ ਵਾਰ

ਮੇਰਾ ਕਈ ਵਾਰ
ਫੁੱਟਪਾਥਾਂ ਵਾਲੇ ਅਤੇ
ਅਪਾਹਜ਼ ਦੇਖ
'ਦਿਲ ਕਰੇ'
ਨਾਸਤਕਾਂ ਨਾਲ
ਸਹਿਮਤ ਹੋਣ ਨੂੰ।

ਫ਼ਿਰ ਲੱਗੇ 'ਰੱਬ'
ਸਾਹਾਂ ਦੀ ਆਪਣੀ ਬੇਚੈਨੀ
ਦੂਰ ਕਰਨ ਲਈ
ਕੋਈ ਆਪੇ ਬਣਾਈ
ਸ਼ੈਅ ਹੈ।
ਇਨ੍ਹਾਂ ਆਸਤਕਾਂ ਦੀ

ਫਿਰ ਲੱਗੇ
ਲੋਕੀਂ ਧਾਰਮਿਕ ਸਥਾਨੀਂ
ਜਾਣ
ਇੱਕ ਦੂਜੇ ਨੂੰ ਮੂਰਖ ਬਣਉਣ
ਨਾ ਕਿ
ਪਾਪ ਲਾਹੁਣ ਜਾਂ ਪੁੰਨ ਲੈਣ।

ਫਿਰ ਲੱਗੇ
ਕੁਦਰਤ ਨੇ ਪੈਸੇ ਵਾਲੇ ਭੇਜ,

ਗਰੀਬਾਂ ਨੂੰ ਗਿਣਤੀ ਕਰਨ
ਹੀ ਭੇਜਿਆ
ਉਨ੍ਹਾਂ ਦੀ।

ਫਿਰ ਲੱਗੇ
ਜ਼ਿੰਦਗੀ ਤੇ ਮੌਤ ਵਿਚਕਾਰ
ਇੱਕ ਹੋਰ ਹੋਵੇ
'ਨਵੀਂ ਦੁਨੀਆ'
ਜਿਸ ਨੂੰ ਅੱਧੀ ਤੋਂ ਵੱਧ
ਦੁਨੀਆ ਜੀਵੇ
ਤੇ ਮੈਂ ਹਾਂ
ਇਸ ਦੁਨੀਆ ਦਾ
ਆਪੇ ਬਣਿਆ
ਲੋਕ ਕਵੀ।

19 ਨਵੰਬਰ 2010

* * * * * *

ਹਾਲੇ ਵੀ

ਹਾਲੇ ਵੀ ਰੁਲਣ
ਫੁੱਟਪਾਥਾਂ ਤੇ
ਨੰਗੇ ਬਚਪਨ
ਤੇ ਪਾਟੀਆਂ ਜਵਾਨੀਆਂ
ਵਿੱਚ ਹੀ ਰੁਲਦਾ
ਬੁਢਾਪੇ ਦਾ ਨੂਰ ।

ਹਾਲੇ ਵੀ ...
ਹਸਪਤਾਲੀਂ,
ਐਮਰਜੈਂਸੀ
ਦੇ ਦਰਵਾਜੇ 'ਚ ਦਮ ਤੋੜੇ ਮਰੀਜ਼ ।

ਤੁਸੀਂ ਕਹਿੰਦੇ ਹੋ
ਬੀਤੇ ਵੇਲੇ ਦੀਆਂ ਗੱਲਾਂ ਨੇ ਇਹ

ਹਾਲੇ ਵੀ....
ਕੁਝ ਲੋਕ
ਬੰਦੇ ਤੇ ਕੁੱਤੇ ਵਿੱਚ
ਸਮਝਣ ਫ਼ਰਕ ਸਿਰਫ਼ ਨਾਂ ਦਾ ।
ਤੁਸੀਂ ....

ਹਾਲੇ ਵੀ .
ਕਿਸੇ ਪੁਲਿਸ ਵਾਲੇ ਦੀ ਗਾਲ੍ਹ

ਵਿੰਨ੍ਹੇ ਕਿਸੇ ਜੱਟ ਦਾ ਚੌੜਾ ਸੀਨਾ
ਤੁਸੀਂ....
ਹਾਲੇ ਵੀ ....
ਮੇਰੇ 'ਮਹਾਨ' ਭਾਰਤ 'ਚ
ਬਿਨ ਸਿਫਾਰਿਸ਼
ਫੁੱਲ ਤਾਰਨ ਲਈ ਵੀ
ਨਾ ਮਿਲੇ ਪਾਣੀ ।
ਤੁਸੀਂ....

ਹਾਲੇ ਵੀ ...
ਰੱਬ ਪ੍ਰਗਟ ਨਾ ਹੋ
ਮਨ ਦੀ ਤਸੱਲੀ ਤੱਕ
ਏ ਸੀਮਿਤ ।

ਹਾਲੇ ਵੀ ....
ਹਰ ਮਾਂ, ਭੈਣ, ਧੀ ਵਾਲਾ
ਇਨਸਾਨ ਸਮਝੇ
ਔਰਤ ਜ਼ਾਤ ਨੂੰ
ਸਜ਼ਾਵਟੀ ਤੇ ਬਜ਼ਾਰੀ ਵਸਤੂ ।
ਤੁਸੀਂ ....

ਹਾਲੇ ਵੀ ....
ਰੇਲਾਂ ਤੇ ਬੱਸਾਂ ਦੀ ਭੀੜ 'ਚ
ਫਸਿਆ
ਘਰੇਲੂ ਆਦਮੀ ।
'ਸੋਚੇ'
ਉਹ ਘਰ ਪਹੁੰਚੇਗਾ ਕਿ ਨਹੀਂ ।

ਤੁਸੀਂ . .
ਹਾਲੇ ਵੀ ....
ਪੇਂਡੂ ਮੁੰਡੇ ਪੜ੍ਹਾਈ ਬਹਾਨੇ
ਫਸਣ
ਕਾਲਜਾਂ ਦੀ ਅਵਾਰਗੀ
ਤੇ ਕਚਹਿਰੀਆਂ ਦੇ ਗੇੜ੍ਹਿਆਂ 'ਚ!
ਪਰ ਉਨ੍ਹਾਂ ਨੂੰ ਨਾ ਪ੍ਰਾਪਤ
ਹੋਵੇ ਮੰਜ਼ਿਲ
ਇਨ੍ਹਾਂ ਕਿਤਾਬੀ ਮਹਾਂਪੁਰਖਾਂ ਵਾਲੀ।
ਉਨ੍ਹਾਂ ਨੂੰ ਤਾਂ ਮਿਲੇ
ਫੋਰਡ ਦੀ ਸੀਟ
ਜਾਂ
ਪੱਠਿਆਂ ਵਾਲੀ ਗੱਡੀ।
ਖੇਤ ਦੀ ਵੱਟ ਬਣੇ
ਉਨ੍ਹਾਂ ਲਈ
ਫੈਸ਼ਨ ਵੀਕ ਦਾ ਰੈਂਪ।
ਤੁਸੀਂ.....

ਹਾਲੇ ਵੀ..
ਘੱਟ-ਗਿਣਤੀਆਂ ਦੇ ਹੱਕ ਰੁਲਣ,
ਇੱਕ ਬਹੁ-ਗਿਣਤੀ ਦੇ ਪੈਰ ਹੇਠਾਂ
ਤੁਸੀਂ...

ਹਾਲੇ ਵੀ...
ਰੋਜ਼ ਹੀ ਬਣੇ ਪੈਦਲ ਆਦਮੀ
ਅਖ਼ਬਾਰੀਂ
ਲਾਵਾਰਿਸ਼ ਲਾਸ਼ ਦੀ ਖ਼ਬਰ।

ਤੁਸੀਂ ...
ਹਾਲੇ ਵੀ...
ਕੋਈ ਅੱਕ ਕੇ ਲਿਖੇ
'ਜ਼ਹਿਰੀ ਤਕਰੀਰਾਂ'
ਜਿਸ ਵਿੱਚੋਂ ਫੁੱਟ-ਫੁੱਟ ਡਿੱਗੇ
ਆਮ ਆਦਮੀ ਦੀ ਬੇਬਸੀ,
ਲਾਚਾਰੀ ਤੇ ਬੇ-ਹਯਾਈ ਦਾ ਦੁੱਖ।

ਹਾਲੇ ਵੀ...
ਇੱਕ ਇੱਕ ਧੱਕਾ ਬਣੇ
ਕਿਸੇ ਮਜ਼ਲੂਮ ਲਈ
ਉਸਦੇ ਜ਼ੁਲਮ ਦੀ ਪਹਿਲੀ ਪੌੜੀ।
ਤੁਸੀਂ ...

ਹਾਲੇ ਵੀ ....
ਹਰ ਨਬਜ਼ ਟਿਕੀ
ਪੀੜਾਂ, ਦੁੱਖਾਂ, ਦਰਦਾਂ, ਹਉਕਿਆਂ
ਦੇ ਆਸਰੇ 'ਤੇ।
ਤੁਸੀਂ ...

ਹਾਲੇ ਵੀ ...
ਅੱਖਾਂ ਮਟਕਾਉਣ ਵਾਲੇ ਤੇ
ਲੱਕ ਹਿਲਾਉਣ ਵਾਲੇ ਗੀਤ
ਕਹਾਉਣ ਸੱਭਿਆਚਾਰ ।
ਤੁਸੀਂ....।

* * * * * *

ਅਸੀਂ ਜੋ ਹਾਂ

ਉਹ ਬੰਦੇ ਹੋਰ ਹੀ ਹੁੰਦੇ ਆ
ਜਿਨ੍ਹਾਂ ਕੋਲ ਨਾ ਹੋਣ
ਜ਼ਿੰਦਗੀ ਨੂੰ ਬਿਆਨ ਕਰਨ
ਵਾਸਤੇ ਸ਼ਬਦ ।

ਜਿਨ੍ਹਾਂ ਦੀ ਹਰ ਗੱਲ 'ਚੋਂ ਨਿਕਲਣ
ਕਈ ਤਜ਼ਰਬੇ ।

ਜਿਨ੍ਹਾਂ ਦੀ ਅੱਖ 'ਚ ਰੜ੍ਹਕੇ
ਸਮੇਂ ਦਾ ਰੀਂਗਦਾ ਚਿਹਰਾ ।

ਪਰ ਅਸੀਂ ਜੋ ਹਾਂ,
ਉਹ
ਅਸੀਂ ਹੀ ਹਾਂ ।
ਸਾਡੇ ਹਰ ਪਲ ਦਾ ਗਵਾਹ ਹੈ
ਸਾਡੀਆਂ ਕਚੀਚੀਆਂ ਨਾਲ
ਝੁਕਿਆ ਅਸਮਾਨ ।
ਸਾਡੀਆਂ ਗਾਲ੍ਹਾਂ ਨਾਲ
ਦੂਸ਼ਿਤ ਹੋਈ ਫਿਜ਼ਾ ।

ਸਾਡੀਆਂ ਅੱਖਾਂ 'ਚ ਹੈ
ਬਿਮਾਰ ਪਿਓ ਦੀਆਂ ਚੀਕਾਂ
ਦਾ ਦਰਦ ।

ਸਾਡੇ ਧੁਰ ਅੰਦਰ ਤੱਕ ਚੀਕਣ
ਮੋਈਆਂ ਜਵਾਨੀਆਂ ਦੇ ਪ੍ਰੇਤ।

ਪਰ
ਸਾਡੇ ਕੋਲ ਹੈ
ਜ਼ਿੰਦਗੀ ਨੂੰ ਬਿਆਨ ਕਰਨ ਦਾ ਜ਼ੇਰਾ

ਕਿਉਂ ਜੋ
ਇਹ ਬਹੁਤੀ ਲੰਬੀ ਨਹੀਂ
ਇਹ ਤਾਂ ਮੁੱਕ ਜਾਵੇ
ਘਰ ਦੇ ਦਰਵਾਜ਼ੇ ਤੋਂ ਖੇਤ ਦੀ ਵੱਟ ਤੱਕ।

ਇਹਦੀ ਵੱਧ ਤੋਂ ਵੱਧ ਮਾਰ ਹੈ
ਲਾਗਲੇ ਸ਼ਹਿਰ ਦਾ ਸਿਨੇਮਾ।

ਪਰ ਦੱਸੋ
ਕਿੰਨਾ ਕੁ ਜਾਇਜ਼ ਹੈ
ਜਿਉਂਦੀ ਮੌਤ ਨੂੰ ਕਹਿਣਾ
'ਮੌਤ ਨਾਲੋਂ ਭੈੜੀ ਜ਼ਿੰਦਗੀ'।

ਅਸੀਂ ਹੀ ਜਾਣੀਏ
ਕਿ
ਸਾਡੀਆਂ ਹਿੱਕਾਂ 'ਚ ਹੈ
ਕਿੰਨਾ ਕਿਆਮਤੀ ਦਰਦ!
ਜੋ ਬਣਦਾ ਜਾਵੇ
ਹੌਲੀ-ਹੌਲੀ
ਸਾਡਾ ਹੀ ਕਫ਼ਨ।

ਪਰ
ਮੈਂ ਫਿਰ ਕਹਿਣਾ
ਅਸੀਂ
ਉਹ ਨਹੀਂ ਹਾਂ
ਉਹ ਬੰਦੇ ਹੋਰ ਹੀ ਹੁੰਦੇ ਆ
ਜਿਨ੍ਹਾਂ ਕੋਲ ਨਾ ਹੋਣ.....

10 ਫਰਵਰੀ 2011

* * * * * *

ਨਜ਼ਰ

ਚਾਹੇ ਪਿੰਡ ਹੋਵੇ
ਚਾਹੇ ਪਰਦੇਸ
ਦਰੱਖਤ ਤੇ ਬੰਦੇ ਦੇ
ਵੱਢਣ ਦੀ
ਇੱਕੋ ਜਿਹੀ
ਹੁੰਦੀ ਹੈ ਖੁਸ਼ਬੂ।

ਇੱਕੋ ਜਿਹੀ ਹੁੰਦੀ ਹੈ
ਸਿਗਰਟ ਦੇ ਧੂੰਏਂ ਦੀ
ਗੋਲਾਈ।

ਇੱਕੋ ਜਿਹੇ ਹੁੰਦੇ ਨੇ
ਫੋਟਪਾਥਾਂ ਦੇ ਵਸਨੀਕ।

ਇੱਕੋ ਜਿਹੀ ਹੁੰਦੀ ਹੈ
ਗੰਦ ਵਾਲੀ ਮੱਖੀ।

ਪਰ
ਜੋ ਹੁੰਦੀ ਹੈ ਵੱਖ
ਦੇਖਣ ਵਾਲੀ
'ਨਜ਼ਰ'।

* * * * * *

ਮੁਹੱਬਤ

ਅੱਜ ਕੱਲ ਹਰ ਜਵਾਨੀ
ਨੂੰ ਹੁੰਦੀ ਹੈ
ਚਾਰ ਪੰਜ ਵਾਰ ਮੁਹੱਬਤ
ਤੇ ਹਰ ਦਾ ਅੰਜ਼ਾਮ ਹੁੰਦਾ
ਖਤਮ
ਕਾਲਜ ਦੀ ਕੰਟੀਨ ਤੋਂ
P.G. ਦੇ ਬਿਸਤਰ ਤੱਕ
ਤੇ
ਜੇ ਉਹ ਥੋੜ੍ਹੀ ਜ਼ਜ਼ਬਾਤੀ ਹੋਵੇ
ਤਾਂ ਫਿਰ ਉਸ ਨੂੰ ਮਿਲੇ
ਆਨਰ-ਕਿਲਿੰਗ ਦੀ ਮਾਰ।

4 ਨਵੰਬਰ 2010

* * * * * *

ਆਗਾਜ਼

ਅਸੀਂ ਰੋਜ਼
ਉਨ੍ਹਾਂ ਹਾਲਾਤਾਂ 'ਚ
ਰਹਿੰਦੇ ਹਾਂ
ਜਿਨ੍ਹਾਂ ਬਾਰੇ ਤੁਸੀਂ ਕਿਤੇ ਕਹਿੰਦੇ ਹੋ
ਅੱਜ ਤਾਂ ਮਰ ਹੀ ਚੱਲੇ ਸੀ ।

ਅਸੀਂ ਬਹੁਤੇ ਖਾਸ ਨਹੀਂ
ਅਸੀਂ ਤੁਹਾਨੂੰ ਸਿਗਰਟ ਦੇ
ਟੋਟਿਆਂ ਵਾਂਗ
ਕਿਤੇ ਵੀ ਡਿੱਗੇ ਹੋਏ
ਨਜ਼ਰ ਆਵਾਂਗੇ ।

ਸਾਡੀ ਖੁਸ਼ੀ ਦੀ ਨਿਸ਼ਾਨੀ
ਇੱਕ ਤਾੜੀ ਤੋਂ ਸਿਵਾਏ
ਕੁਝ ਨਹੀਂ ।

ਕਿਸੇ ਵੀ ਖੂੰਜੇ, ਵਿਰਲ 'ਚ
ਨਿਗ੍ਹਾ ਮਾਰੋ !
ਅਸੀਂ ਤੁਹਾਨੂੰ ਆਪਣੀ
ਹੋਂਦ ਬਚਾਉਂਦੇ ਨਜ਼ਰ ਆਵਾਂਗੇ।
ਪਰ
ਫ਼ਿਕਰ ਨਾ ਕਰਨਾ

‘ਕਦੇ ਹੁੰਦੇ ਸੀ’
ਇੰਝ ਕਹਾਵਾਂਗੇ।

ਆਪਣੀਆਂ ਹੀ ਨਜ਼ਰਾਂ ’ਚ ਗਿਰਣਾ
ਸਾਡਾ ਧਰਮ ਹੈ।

ਪਰ
ਹੁਣ ਅਸੀਂ
ਥੋਡੇ ਤਰਸ ਦੇ ਪਾਤਰ ਨਹੀਂ ਬਣਨਾ
ਤੁਸੀਂ ਸਾਨੂੰ
ਦੁਰਕਾਰੋ, ਨਿੰਦੋ
ਫਿਰ ਹੀ ਤਾਂ
ਸਾਡੀ ਨਸ਼ਟ ਹੋਈ
ਅਣਖ਼ ਦਾ ਹੋਊ
‘ਨਬਜ਼ਾਂ ’ਚ ਆਗਾਜ਼’।

18 ਅਗਸਤ 2010

* * * * * *

ਖ਼ਤਰਨਾਕ ਜਵਾਨੀ

ਬੜੀ ਚੰਗੀ ਹੁੰਦੀ ਏ
ਇੱਕ ਖ਼ੁਮਾਰੀ ਦੀ ਜ਼ਿੰਦਗੀ।
ਜਿਸ ਵਿੱਚ ਨਜ਼ਰ ਨਾ ਆਵੇ
ਸਾਹਾਂ ਦਾ ਸੰਘਰਸ਼।

ਬੜੇ ਕਿਸਮਤ ਵਾਲੇ ਹੁੰਦੇ ਨੇ
ਉਹ ਲੋਕ
ਜੋ ਹੁਸੀਨ ਚੀਜ਼ਾਂ ਲਈ ਹੋਣ
ਚੁੰਬਕ
ਚਾਹੇ ਉਹ ਸੰਜੀਵੀ
ਹੋਣ ਜਾਂ ਨਿਰਜੀਵੀ।

ਬੜੇ ਸ਼ਾਹੀ ਹੁੰਦੇ ਨੇ
ਉਹ ਸੁਪਨੇ
ਜੋ ਵੇਖੇ ਜਾਂਦੇ ਨੇ
ਖੁੱਲ੍ਹੀਆਂ ਅੱਖਾਂ ਨਾਲ।

ਬੜੀ ਖ਼ਤਰਨਾਕ ਹੁੰਦੀ ਹੈ
ਉਹ ਜਵਾਨੀ
ਜੋ ਪਲਦੀ ਹੈ
ਮਰੀਆਂ ਆਸਾਂ ਦੇ ਸੱਥਰ 'ਤੇ।

13 ਮਈ 2011

* * * * * *

ਕੜਮੇ

ਤਮਾਮ ਬੰਦੇ ਹੀ ਲੈਂਦੇ ਨੇ ਨਜ਼ਾਰਾ
ਜ਼ਿੰਦਗੀ ਦੀ ਰੰਗੀਨੀ ਦਾ

ਤਮਾਮ ਬੰਦੇ ਹੀ
ਚੱਖਦੇ ਨੇ ਸਵਾਦ
ਹੁਸਨ ਦੀ ਮਿਠਾਸ
ਪੈਸੇ ਦੀ ਚੌਧਰ ਦਾ ।

ਸਾਰੇ ਹੀ
ਸ਼ੀਸ਼ੇ ਮੂਹਰੇ ਖੜ੍ਹ ਸੋਚਣ
ਕਿ
ਦੁਨੀਆਂ ਹੈ ਤਾਂ 'ਇੱਥੇ'

ਤਮਾਮ ਬੰਦੇ ਹੀ ਡਿੱਗਦੇ ਨੇ
ਰੱਬ ਕਹਿ ਬੰਦਿਆਂ ਦੇ ਪੈਰੀਂ

ਤਮਾਮ ਬੰਦੇ ਹੀ ਕਹਿੰਦੇ ਨੇ
ਉਹਦੇ ਹੁਕਮ ਬਿਨਾਂ ਨਾ ਹਿੱਲੇ
ਇੱਕ ਵੀ ਪੱਤਾ ।

ਤਮਾਮ ਹੀ ਕਹਿਣ
ਕਿ
ਕਿਸਮਤ ਕਰਕੇ ਹੀ ਹੋਵੇ

ਸਭ ਕੁਝ।
ਇਹ ਤਾਂ
ਮੇਰੇ ਵਰਗੇ ਹੀ ਨੇ
ਕੜਮੇ
ਜੋ ਸਾਹ ਲੈ-ਲੈ ਕੇ ਵੀ ਕਹਿਣ
ਕੁਝ ਨਹੀਂ ਜ਼ਿੰਦਗੀ ।
ਇਹ ਹੈ ਸੰਘਰਸ਼, ਮਾਯੂਸੀ
ਮਰ-ਮਰ ਕੇ ਹਾਂ ਜੀਅ ਰਹੇ ।

ਇਹ ਤਾਂ
ਮੇਰੇ ਵਰਗੇ ਹੀ ਨੇ ਬਦਨਸੀਬ
ਜੋ ਸੁਣਨ ਨੂੰ ਤਰਸਦੇ ਰਹਿੰਦੇ
ਉਮਰ ਸਾਰੀ
ਇੱਕ ਪਤਲੀ ਆਵਾਜ਼
ਜਿਨ੍ਹਾਂ ਕੋਲ ਹੁੰਦੀ ਹੈ
ਬਸ
ਮੁਫ਼ਲਸੀ ਦੀ ਸ਼ਰਾਫ਼ਤ।

ਇਹ ਤਾਂ
ਮੇਰੇ ਵਰਗੇ ਹੀ ਨੇ
ਗੰਦੇ, ਕਰੂਪ, ਨਿਰਾਸ਼ਾਵਾਦੀ, ਕਾਇਰ
ਜੋ ਜੁਅੱਰਤ ਨਹੀਂ ਕਰ ਸਕਦੇ
ਸ਼ੀਸ਼ੇ ਮੂਹਰੇ ਹੋਣ ਦੀ ਵੀ।

ਇਹ ਤਾਂ
ਮੇਰੇ ਵਰਗੇ ਹੀ ਨੇ ਸ਼ੈਤਾਨ, ਨਾਸਤਕ
ਜੋ ਕਹਿਣ ਕਿ ਰੱਬ ਤਾਂ ਆਪਣੇ-ਆਪ

’ਚ ਨਹੀਂ ਵੱਸਦਾ
ਬੰਦਿਆਂ ’ਚ ਵੀ ਵਸੂ ?
ਜੋ ਕਹਿਣ ਕਿ
‘ਵਿਕਾਸ’
ਕੁਦਰਤ ਦਾ ਨਿਯਮ ਹੈ

‘ਵਿਕਾਸ’
ਬੰਦੇ ਦੀ ਸ਼ਕਤੀ ਤੇ
ਉਸ ਦੀ ਚਾਹਤ ਦਾ ਸੁਮੇਲ ਹੈ ।

‘ਵਿਕਾਸ’
ਉਸ ਦੀ ਮਾਨਸਿਕ ਸ਼ਕਤੀ ਦਾ ਹਥਿਆਰ ਹੈ
ਕੋਈ ਰੱਬੀ ਹੋਂਦ ਦੀ ਸ਼ਕਤੀ ਨਹੀਂ ।

ਇਹ ਤਾਂ
ਮੇਰੇ ਵਰਗੇ ਹੀ ਨੇ ਕਮਲੇ
ਜੋ ਕਹਿਣ ਕਿ
ਹਰ ਘਟਨਾ ਦਾ ਹੋਵੇ
ਕੋਈ ਨਾ ਕੋਈ ਕਾਰਨ।

23 ਮਈ 2011

* * * * * *

ਖੌਫ਼ਜ਼ਦਾ ਰੁੱਤ

ਤੁਹਾਨੂੰ ਪਤਾ
ਕਿੰਨੇ ਖ਼ਤਰਨਾਕ ਹੁੰਦੇ ਨੇ
ਉਹ ਦਿਨ
ਜਦੋਂ ਲੱਗਣ ਨਾ ਚੰਗੇ
'ਦਿਲ ਵਾਲੇ ਗੀਤ'!

ਤੁਹਾਨੂੰ ਅਹਿਸਾਸ ਹੈ
ਕਿੰਨੀ ਖੌਫ਼ਜ਼ਦਾ ਹੋਵੇ
ਉਹ ਰੁੱਤ
ਜਦੋਂ ਜਵਾਨੀ ਮੁੜੇ ਨਾ
ਰੋਮਾਂਟਿਕ ਦੌਰ ਵੱਲ।

ਤੁਸੀਂ ਮਾਪ ਸਕਦੇ ਹੋ
ਉਨ੍ਹਾਂ ਰਾਤਾਂ ਦੀ ਡੂੰਘਾਈ
ਜੋ ਹੁੰਦੀਆਂ ਨੇ ਆਦਮੀ ਲਈ
ਉਸ ਦੇ ਵਜੂਦ ਵਾਂਗ
'ਬਿਲਕੁਲ ਇਕੱਲੀਆਂ'

ਜੇ ਤੁਸੀਂ ਕਰ ਸਕਦੇ ਹੋ
ਤਾਂ ਜ਼ਰੂਰ ਕਰੋ
'ਇਨ੍ਹਾਂ ਗੱਲਾਂ 'ਤੇ ਖੋਜ।

23 ਮਈ 2011

* * * * * *

ਵਜੂਦ

ਸਾਨੂੰ ਸਮਝ ਨਾ ਆਵੇ
ਗੈਬੀ ਇਲਮ
ਸੰਖਾਂ, ਘੰਟੀਆਂ ਦੀ ਭਾਸ਼ਾ।

ਅਸੀਂ ਤਾਂ ਜਾਣੀਏ
ਨਾਅਰਿਆਂ, ਚੀਕਾਂ, ਕੁਰਲਾਹਟਾਂ,
ਹਉਕਿਆਂ, ਵੈਣਾਂ ਦੀ ਆਵਾਜ਼।

ਅਸੀਂ ਨਾ ਜਾਣੀਏ
ਆਪਣੇ ਹੀ ਜਨਮ-ਦਿਵਸ।
ਪਰ
ਸਾਨੂੰ ਯਾਦ ਏ
ਸਕੂਲ ਉਮਰੇ ਘਰੋਂ ਉਠਿਆ
ਚਾਵਾਂ ਤੇ ਬੇਫਿਕਰੀ ਦੇ
ਜਨਾਜ਼ੇ ਵਾਲਾ ਦਿਨ।

ਸਾਡਾ ਨਹੀਂ ਅਤੀਤ
ਇਸ਼ਕ, ਹੁਸਨ ਜਾਂ
ਕੋਈ ਬੀਅਰ-ਬਾਰ!

ਸਾਡਾ ਤਾਂ ਭਵਿੱਖ ਵੀ
ਗਹਿਣੇ ਪਿਆ
ਵਰਤਮਾਨ ਕੋਲ।

ਅਸੀਂ।
ਇੱਕ ਆਸ ਆਸਰੇ ਰਹੇ ਜਿਉਂਦੇ।
'ਸਾਰੀ ਉਮਰ'
ਕਿ
ਲੱਭਣ 'ਤੇ ਤਾਂ
ਰੱਬ ਵੀ ਮਿਲ ਜਾਂਦਾ!

ਪਰ
ਸਾਨੂੰ ਕੀ ਪਤਾ ਸੀ
ਕਿ
ਲੱਭਣ 'ਤੇ
ਰੱਬ ਤਾਂ ਕੀ
'ਆਪਣਾ ਵਜੂਦ ਵੀ ਨਹੀਂ ਲੱਭਦਾ'।

11 ਮਈ 2001

* * * * * *

ਪਛਤਾਵਾ

ਅਸੀਂ ਵੀ ਕਾਹਦੇ
ਜੰਮੇ ਆਂ
ਬੂਈਆਂ ਤੋਂ ਵੀ ਰੁੱਖੇ
ਜੰਗਲ ਤੋਂ ਵੀ ਉਦਾਸ।

ਸਾਡੀ ਵੀ ਮੌਜੂਦਗੀ ਹੈ
ਹਵਾ ਦੇਖਣ ਦੀ ਕਲਪਨਾ।

ਅਸੀਂ ਤਾਂ ਗਿਰੇ ਹੋਏ ਆਂ
ਆਪਣੇ ਹੀ ਪੈਰਾਂ 'ਚ।

ਕਾਸ਼!
ਕਿਤੇ ਹੁੰਦਾ
ਸਾਡੇ ਦਰਦ ਦਾ ਇਲਾਜ।

ਕਾਸ਼!
ਅਸੀਂ ਵੀ ਹੁੰਦੇ
ਕਾਮਯਾਬੀ ਦੀ ਦਾਸਤਾਨ।

ਪਰ
ਕੀ ਕਰੀਏ
ਕਿਸਦਾ ਹੈ ਜ਼ੋਰ
ਜੇ ਉਹ ਰੱਬ ਹੈ ਸਾਹਮਣੇ ਆਵੇ

ਉਹ ਤਾਂ
ਰੁੱਝਿਆ ਏ
ਗਰੀਬਾਂ ਨੂੰ ਜ਼ਿੱਲਤ ਦੀ
ਗਾਰ 'ਚ ਹੋਰ ਡੁਬਾਉਣ।

ਬੰਦਿਆਂ ਨੂੰ
ਚਸ਼ਮਿਆਂ ਦੇ ਪੱਥਰਾਂ 'ਚ ਬਦਲਣ ਵਿੱਚ।
ਜਿੱਥੇ ਵਗਦਾ ਰਹੇ
ਉਨ੍ਹਾਂ ਦੇ ਪੂਰਵਜ਼ਾਂ ਦੀਆਂ
ਅੱਖਾਂ ਦਾ ਪਾਣੀ।

ਕਿਉਂ
ਉਸ ਨੂੰ ਦਿਸਦੇ ਨਹੀਂ ?
ਕੂੜੇ ਦੇ ਢੇਰਾਂ 'ਚੋਂ ਰਿਜ਼ਕ
ਭਾਲਦੇ ਬਚਪਨ।

ਉਸਨੂੰ ਦਿਸਦਾ ਨਹੀਂ
ਸੋਨੇ ਜੈਸੀ ਜਵਾਨੀ ਦਾ
ਜਿਉਂਦੇ ਜੀਅ
ਸਿਵਿਆਂ ਦੀ
ਰਾਖ ਬਣਨਾ।

ਉਸ ਨੂੰ ਰਹਿਮ ਨਾ ਆਵੇ
ਜਾਨਵਰਾਂ ਤੋਂ ਵੀ ਭੈੜੀਆਂ
ਕਈ ਇਨਸਾਨੀ ਜੂਨਾਂ 'ਤੇ
ਤਾਂ ਹੀ ਤਾਂ

ਮੈਂ ਕਹਿਣਾ
ਅਸੀਂ ਵੀ ਕਾਹਦੇ ਜੰਮੇ ਆਂ!

ਬੂਈਆਂ ਤੋਂ ਵੀ ਰੁੱਖੇ
ਜੰਗਲ ਤੋਂ ਵੀ ਉਦਾਸ
ਚੁੱਪ ਤੋਂ ਵੀ ਖਾਮੋਸ਼।

ਸਾਨੂੰ ਤਾਂ
ਕਈ ਵਾਰ
ਇਕੱਲੇ ਬਹਿ ਕੇ
ਸ਼ੁਦਾਈਆਂ ਵਾਂਗ
ਰੋਣ ਦਾ
ਬੜਾ ਸਵਾਦ ਆਉਂਦਾ।

9 ਮਈ 2011

* * * * * *

ਜਜ਼ਬਾਤਾਂ ਦੇ ਤੀਰ

ਤੂੰ ਸੋਚਦੀ ਹੋਣੀ ਏਂ
ਅਸੀਂ ਤਾਂ ਐਵੇ ਤੁਰੇ ਹਾਂ ਫ਼ਿਰਦੇ
ਬੇ-ਅਕਲ, ਬੇ-ਰੰਗੇ, ਝੱਲੇ ਇਨਸਾਨ।

ਪਰ
ਤੂੰ ਸਾਨੂੰ ਕਹਿ ਨਹੀਂ ਸਕਦੀ
ਜਜ਼ਬਾਤਾਂ ਤੋਂ ਸੱਖਣੇ
ਕਿਉਂ
ਜਜ਼ਬਾਤਾਂ ਦੇ ਤਾਂ
ਅਸੀਂ ਸਮੁੰਦਰ ਹਾਂ
'ਵਿਸ਼ਾਲ ਮਹਾਂਸਾਗਰ।

ਜਿੱਥੋਂ
ਤੇਰੇ ਵਰਗੀਆਂ ਕਈ ਨਦੀਆਂ ਤੈਅ
ਕਰਦੀਆਂ ਦਿਸ਼ਾ ਆਪਣੀ
ਤੇ
ਫ਼ਿਰ ਨਿਕਲ ਜਾਂਦੀਆਂ
ਹੋਰ ਪਹਾੜਾਂ ਦੀ ਗੋਦ ਵਿੱਚ।

ਤੂੰ ਸਾਨੂੰ ਕੁਝ ਵੀ ਆਖ,
ਨਿਕੰਮੇ, ਅਖੌਤੀ
ਪਰ
ਸਾਨੂੰ ਮਨਜ਼ੂਰ ਨਹੀਂ

ਜੇ ਤੂੰ
ਸਾਨੂੰ ਆਖੇਂ
ਜਜ਼ਬਾਤਾਂ ਤੋਂ ਬਗੈਰ
ਤੁਰਦੀਆਂ ਫਿਰਦੀਆਂ ਲਾਸ਼ਾਂ।
ਕਿਉਂ
ਅਸੀਂ ਤਾਂ ਜਜ਼ਬਾਤਾਂ ਦੇ ਹਾਂ
ਉਹ ਖੁੱਲ੍ਹੇ ਅਸਮਾਨ
ਜਿਸਨੂੰ ਵੇਖਣ
ਤੇਰੇ ਜਿਹੀਆਂ
ਲੱਖਾਂ ਮਗਰੂਰ ਭਰੀਆਂ ਅੱਖਾਂ।

ਜਜਬਾਤਾਂ ਦੇ ਤਾਂ ਅਸੀਂ
'ਤੀਰ' ਹਾਂ
'ਤੀਰ'।
ਜੋ ਵਿੰਨ੍ਹਦੇ ਨੇ ਬੇਦਿਲ
ਜਿਸਮਾਂ ਦੀਆਂ ਹਿੱਕਾਂ

14 ਜੂਨ 2011

* * * * * *

ਕਾਸ਼!

ਸਾਡੇ
ਹਾਲੇ ਵੀ ਸ਼ਾਇਰੀ ਦਾ ਮਤਲਬ
ਨੇ ਕੱਢਦੇ
'ਹਾਰੇ ਹੋਏ ਆਸ਼ਕ ਦੀ ਗਰਮੀ'

ਕਾਸ਼! ਮੰਨਣ
'ਮਧੋਲੇ ਜਾਂਦੇ ਆਮ ਆਦਮੀ ਦੀ ਲਿਖਤੀ ਦਾਸਤਾਨ'।

ਹਾਲੇ ਵੀ
ਹੁਸਨ-ਇਸ਼ਕ ਤੋਂ ਸੱਖਣੇ ਗੀਤ ਕਹਾਉਣ
'ਫ਼ਿੱਕੇ- ਫ਼ਿੱਕੇ'।

ਕਾਸ਼!
ਬਾਦਸ਼ਾਹਤ ਕਾਇਮ ਹੋਵੇ
'ਸੁੰਗੜੇ ਦਿਲ 'ਚੋਂ ਉੱਠੇ ਵਿਸ਼ਾਲ ਅਰਥਾਂ ਦੀ'।

* * * * * *

ਹਿੰਮਤ ਦੀ ਝਲਕ

ਅਸੀਂ ਹਾਲਾਤਾਂ ਦੇ ਮਾਰੇ ਹੋਏ
ਉਹ ਬੰਦੇ ਹਾਂ
ਜਿਨ੍ਹਾਂ ਦੀ ਇੱਕ ਅੱਖ
ਸਿਵਿਆਂ ਵੱਲ
ਤੇ
ਇੱਕ ਮਾਂ ਦੇ ਚਿਹਰੇ ਵੱਲ
ਰਹਿੰਦੀ ਹੈ ।

ਸਾਡੀਆਂ ਰਗਾਂ 'ਚ
ਖ਼ੂਨ ਘੱਟ
ਭਟਕਣ ਦੀਆਂ ਸੂਲਾਂ
ਜ਼ਿਆਦਾ ਨੇ ਖ਼ੁੱਭੀਆਂ।

ਅਸੀਂ ਪ੍ਰਸ਼ਨਾਂ ਦੇ ਜਵਾਬ ਦਿੰਦੇ-ਦਿੰਦੇ
ਖ਼ੁਦ ਹੋ ਗਏ ਪ੍ਰਸ਼ਨ

ਸਾਡੀ
ਹਰ ਆਸ 'ਚ ਨਿਰਾਸ਼ਾ
ਕਰਵਟਾਂ ਲਵੇ

ਸਾਡੇ ਲਈ ਸਕੂਨ ਹੈ
'ਪੁਰਾਣੀ ਸੱਭਿਅਤਾ ਜੈਸੀ ਗੱਲ'
ਪਰ

ਫਿਰ ਵੀ
ਕਿਤੇ - ਕਿਤੇ

ਸਾਡੇ 'ਚੋਂ ਨਜ਼ਰ ਆਵੇ
ਹਾਰੇ ਹੋਏ ਆਦਮੀ ਦੀ
ਜਿੱਤ ਦੀ ਆਸ 'ਚ ਕੀਤੀ
ਹਿੰਮਤ ਦੀ ਝਲਕ।

22 ਨਵੰਬਰ 2010

* * * * * *

ਸਿਵਿਆਂ ਦੀ ਛੱਤਰੀ

ਦੁਖੀ ਬੰਦੇ ਕੋਲ
ਆਪਣੇ ਰੋਣੇ ਧੋਣੇ, ਦਰਦ, ਤਕਲੀਫ਼ ਤੋਂ ਸਿਵਾਏ
ਕੁਝ ਨਹੀਂ ਹੁੰਦਾ ।

ਨਾ ਕੋਈ ਦਲੀਲ,
ਨਾ ਕੋਈ ਸਹਾਰਾ ।

ਨਾ ਇਨਸਾਨੀਅਤ,
ਨਾ ਧਰਮ ਦੀ ਆਸ ।

ਜੇ ਹੋਵੇ ਤਾਂ
ਹੁੰਦੀ ਹੈ
'ਆਪਣੀ ਬਦਕਿਸਮਤੀ'

ਜਿਸਦੇ ਰੂਪ ਬਦਲਣ ਦੀ
ਉਡੀਕ 'ਚ
ਉਹ ਚਲਾ ਜਾਵੇ
'ਸਿਵਿਆਂ ਦੀ ਛੱਤਰੀ ਦੀ
ਛਾਂਵੇਂ ਬੈਠਣ'।

17 ਮਾਰਚ, 10 ਮਈ 2011

* * * * * *

ਉਹੀ ਮਨੁੱਖ

ਮੈਂ ਐਵੇਂ ਕਹਾਵਾਂ
ਪਛੜਿਆ,
ਦੇਖੋ!

ਮੈਂ ਪੱਥਰ ਯੁੱਗ ਤੋਂ
ਹਵਸ ਯੁੱਗ ਤੱਕ
ਸਫ਼ਰ ਤੈਅ ਕੀਤਾ।

ਮੈਂ ਮਨੁੱਖ,
ਜੋ ਕਦੇ ਤੁਰਦਾ ਸਾਂ
ਤਨ ਤੇ ਪੱਤੇ ਵਲੇਟ
ਪਰ
ਅੱਜ ਮੇਰਾ ਜ਼ੇਰਾ
ਦੇਖੋ
ਮੈਂ
ਇਸ ਦੇ ਬਗੈਰ ਵੀ ਹਾਂ ਤੁਰ
ਸਕਦਾ।

ਚਾਹੇ ਟੀ.ਵੀ. ਹੋਵੇ
ਜਾਂ
ਅਸਲੀਅਤ ਦੀ ਜ਼ਿੰਦਗੀ

ਤੁਸੀਂ

ਮੈਨੂੰ ਐਵੇਂ ਕਹਿੰਦੇ
ਹੋ ਪਛੜਿਆ
ਮੈਂ ਜੋ ਕਦੇ
ਪੱਥਰਾਂ ਨਾਲ ਪੱਥਰ ਰਗੜਾ
ਕੱਢਦਾ ਸੀ ਅੱਗ।

ਅੱਜ
ਸਰੀਰ ਦੇ ਅੰਗ ਘਸਾ-ਘਸਾ
ਹੀ ਪੈਦਾ ਕਰਾਂ ਲਾਟਾਂ।

ਤੁਸੀਂ
ਮੈਨੂੰ ਐਵੇਂ ਕਹਿੰਦੇ ਹੋ
ਅੰਧ ਵਿਸ਼ਵਾਸ਼ੀ,
ਮੈਂ
ਜੋ ਕਦੇ ਪੂਜਦਾ ਸੀ
ਪਿੱਪਲ, ਜੰਡ, ਪੱਥਰ
ਅੱਜ ਪੂਜਾਂ
ਧੋਨੀ, ਆਮਿਰ, ਕੈਟਰੀਨਾ!

ਸ਼ਾਇਦ
ਤੁਸੀਂ ਭੁੱਲ ਗਏ
ਹੋਵੋਗੇ।

ਮੈਂ
ਉਹੀ ਹਾਂ
ਜੋ 'ਚਮਕੀਲੇ' ਵੇਲੇ
ਡਰਦਾ ਸਾਂ

ਘਰ ਦੀਆਂ ਔਰਤਾਂ ਕੋਲ ਟੇਪ ਰਿਕਾਰਡ
ਲਾਉਣ ਤੋਂ।

ਅੱਜ
ਉਨ੍ਹਾਂ ਹੀ ਹਾਲਾਤਾਂ ਦਾ ਹਾਂ ਸਾਹਮਣਾ ਕਰ ਰਿਹਾ।

22 ਜਨਵਰੀ 2011

* * * * * *

ਉਦੋਂ ਫਿਰ

ਜਿਸ ਉਮਰ ’ਚ
ਹੋਵੇ ਚਾਹਤ,
ਆਪਣੀ ਉਡਾਰੀ ਨਾਲ ।
ਅਸਮਾਨ ਨੂੰ ਛੋਟਾ ਦਰਸਾਉਣ ਦੀ ।
ਜਦ ਫਸ ਜਾਵੇ
ਇਹ ਕਰਮਾਂ ਦੇ ਚਿੱਕੜ ’ਚ
ਤਾਂ ਬੰਦੇ ’ਤੇ
ਅਸਰ ਨਾ ਕਰੇ
‘ਕੋਈ ਵੀ ਧਾਰਮਿਕ ਦਲੀਲ’

ਫਿਰ ਨਾ ਦਿਸੇ
ਸ਼ਰਧਾ ਭਰੇ ਅੱਖਰਾਂ ’ਚੋਂ
ਜ਼ਿੰਦਗੀ ਦੇ ਹਨੇਰੇ ਰਾਹਾਂ ਲਈ
ਰੌਸ਼ਨੀ ਦੀ ਕਿਰਨ !

ਫਿਰ ਨਾ ਹੋਣ
ਮਿੱਠੇ ਕੰਨ
ਭਗਤੀ ਵਾਲੇ ਭਜਨ ਸੁਣ

ਉਦੋਂ ਫਿਰ

ਕੱਚੇ ਘਰਾਂ ਤੇ ਸੋਨੇ ਦੇ ਮਹਿਲਾਂ ਦੇ ਵਸਨੀਕਾਂ ਵਿਚਾਲੇ
ਫ਼ਰਕ ਜਾਣਨ ਲਈ

ਨਾ ਸੁਣਨੇ ਪੈਣ
ਬੂਬਨੇ ਸਾਧਾਂ ਦੇ ਉਪਦੇਸ਼।

ਨਾ ਪੜ੍ਹਨੀ ਪਵੇ
ਮੁਫ਼ਲਸੀ ਦੀ ਆਤਮ-ਕਥਾ।

ਉਦੋਂ ਫ਼ਿਰ
ਧਾਰਮਿਕ ਗ੍ਰੰਥ ਨਾਲੋਂ ਪੜ੍ਹਨ ਨੂੰ
ਜੀਅ ਕਰਦਾ
'ਪਾਸ਼' ਜਿਹੇ ਕਵੀਆਂ ਦੇ
ਸੰਪੂਰਨ-ਕਾਵਿ ।

ਉਦੋਂ ਫ਼ਿਰ
ਹੋ ਜਾਵਣ ਕਾਲੇ
ਘਰ ਪਏ ਖ਼ਾਲੀ ਵਰਕੇ।

ਉਦੋਂ ਫਿਰ
ਤਿਆਰ ਹੋ ਜਾਵਣ
ਆਪਣੀ ਬਰਬਾਦੀ ਦੇ ਗੂੰਗੇ
ਗਵਾਹ
ਬੁੱਤਾਂ ਦੀ ਅਦਾਲਤ ਵਿੱਚ

ਉਦੋਂ ਫ਼ਿਰ-
ਕੰਮ ਆਉਣ ਹਿਸਾਬ ਦੇ ਸਵਾਲ
ਲਿਤਾੜੇ ਹੋਏ ਦਿਨਾਂ
ਤੇ

ਬੇਚਾਰਗੀ ਦੀਆਂ ਰਾਤਾਂ ਨੂੰ
ਜੋੜਨ ਵਾਸਤੇ

ਉਦੋਂ ਫ਼ਿਰ
ਵਿਗਿਆਨ ਦੇ ਫਾਰਮੂਲਿਆਂ
ਨਾਲ ਮਿਣੀ ਜਾਵੇ,
ਹਉਕਿਆਂ ਦੀ ਡੂੰਘਾਈ।
ਫਿਰ ਲੱਭਿਆ ਜਾਵੇ
ਹੰਝੂਆਂ ਦਾ ਸਵਾਦ।

ਜਦੋਂ ....
ਅੱਖਾਂ ਵਿੱਚ ਪਵੇ
ਇੰਜਣ ਦਾ ਧੂੰਆਂ,
ਕਿਸੇ ਹੁਸਨ ਦੀ ਝਲਕ ਦੀ ਥਾਂ।

4 ਜੁਲਾਈ 2010

* * * * * *

ਅਜੇ ਵੀ

ਓ ਮੇਰੇ ਸ਼ਾਇਰ
ਕੀ ਤੇਰੀ ਕਲਮ
ਐਸੇ ਕੰਮ
ਕਿ
ਨਾਰੀ ਨੂੰ ਕਾਗਜ਼ਾਂ 'ਤੇ
ਨਚਾ
ਹੱਥ ਵਿੱਚ ਫੜੀ
ਫਿਰੇਂ
ਕਲਾ ਦੀ ਫੱਟੀ ?

ਕੀ ਕਲਮ ਹੋ ਗਈ
ਐਨੀ ਬੁਜ਼ਦਿਲ ਤੇ ਬੇਵੱਸ
ਕਿ
ਇਸ ਨੂੰ ਆਪਣੀ ਹੋਂਦ ਵਾਸਤੇ
ਲੈਣਾ ਪਵੇ
'ਲਚਕੀਲੇ ਹੁਸਨ ਦਾ ਆਸਰਾ !

ਕੀ
ਇਸ਼ਕ ਦੇ ਸਾਥ ਤੋਂ ਬਗੈਰ
ਇਸ ਨੂੰ ਹੋ ਜਾਊ
ਆਪਣੇ ਸੱਚੇ ਪੁੱਤਰਾਂ ਵਾਂਗ ਜੇਲ੍ਹ ?
ਨਹੀਂ
ਅਜਿਹਾ ਨਹੀਂ ਹੋਣਾ,

ਇਹ ਨਾ-ਮੁਮਕਿਨ ਹੈ।

ਅਜੇ ਵੀ
ਕਲਮ ਨੂੰ ਆਵਾਜ਼ਾਂ ਮਾਰੇ
ਕਿਸੇ ਵਿਤਕਰੇ ਦਾ ਸ਼ਿਕਾਰ ਹੋਏ
ਕਾਗਜ਼ੀ ਮਹਾਨ ਦੇਸ਼ ਦੇ
ਮਾੜੇ ਜੱਟ ਦੀ ਡਰ 'ਚ
ਸਮੇਟੀ ਚੁੱਪ।

ਅਜੇ ਵੀ
ਫੁੱਟਪਾਥ 'ਤੇ ਸੁੱਤਾ ਨੰਗਾ
ਬਚਪਨ ਮੰਗੇ,
ਕਲਮ ਤੋਂ ਆਪਣੇ ਲਈ
'ਕੁਝ ਸ਼ਬਦੀ ਪਰਦੇ'।

ਅਜੇ ਵੀ
ਕਈ ਚੀਕਾਂ ਨਾਅਰਿਆਂ ਵਿੱਚ
ਬਦਲਣ ਤੋਂ ਪਹਿਲਾਂ ਵੇਖਣ
ਕਲਮ ਵੱਲ।

ਅਜੇ ਵੀ...
ਗਰੀਬੀ ਪੁੱਛਦੀ ਹੈ
ਆਪਣੇ ਜਨਮ ਵਿਧਾਤਾ ਬਾਰੇ
ਕਲਮ ਤੋਂ

ਪਰ ਅਫ਼ਸੋਸ!
ਅਜੇ ਵੀ

ਕਾਲਜਾਂ ਦੀਆਂ ਲੜਾਈਆਂ ਤੇ ਜੱਫੀਆਂ
ਤੋਂ ਛੁਟਕਾਰਾਂ ਨਹੀਂ
ਕਲਮ ਨੂੰ।

5 ਜੁਲਾਈ 2010

* * * * * *

ਜ਼ਿੰਦਗੀ

ਮੈਂ ਬੜਾ ਜ਼ੋਰ ਲਾਇਆ
ਪਰ
ਮੇਰੇ ਹੱਥੋਂ ਨਿਕਲ ਗਈ
ਜ਼ਿੰਦਗੀ।

ਇਹ
ਮੈਂ ਕਦੇ
ਅੱਖ ਦੇ ਆਸਰੇ ਪਰਚਾਉਣ ਦੀ
ਕੋਸ਼ਿਸ਼ ਕੀਤੀ,
ਤਾਂ ਹਾਰੀ
ਟੁੱਟੇ ਦਿਲ ਦੇ ਰੂਪ 'ਚ

ਜੇ ਮੈਂ ਕੀਤਾ
'ਇਸ਼ਕ'
ਇਸ ਨਾਲ ਪੜ੍ਹਾਈ
ਰਾਹੀਂ
ਤਾਂ
ਹੋਈ ਬੇਵਫ਼ਾ,
'ਬੇਰੁਜ਼ਗਾਰੀ ਦੇ ਰੂਪ 'ਚ'।

ਜੇ ਮੈਂ ਜਾਂ ਰਲਿਆ
ਖੇਤਾਂ ਦੀ ਹਰਿਆਵਲ ਨਾਲ
ਤਾਂ

ਇਹ ਲਟ-ਲਟ ਬਲੀ
ਕਰਜ਼ਾ ਬਣ
'ਮੇਰੇ ਸਿਰ 'ਤੇ।

ਜੇ ਮੈਂ ਗਿਆ ਪਰਦੇਸ਼
ਉੱਥੇ
ਇਸਨੇ ਸਤਾਇਆ
'ਸ਼ਹਿਰ ਦੀ ਆਵਾਰਗੀ'
ਪਿੰਡ ਦੇ ਸਕੂਨ ਦੀ ਯਾਦ ਬਣ।

ਆਖ਼ਿਰ
ਜਦ ਮੈਂ ਦਿੱਤੀ
ਇਸ ਨੂੰ ਕਲਮ
ਤਾਂ ਫ਼ਿਰ
ਇਹ ਭੇਜਣ ਲੱਗੀ
ਮੌਤ ਨੂੰ ਪੈਗਾਮ!

* * * * * *

ਰੱਬ

ਉਹ ਤਾਂ ਮੰਗੇ ਤੋਂ ਮੌਤ ਵੀ
ਨਹੀਂ ਦਿੰਦਾ,
ਤੂੰ ਉਸ ਤੋਂ ਮੰਗਦੈਂ
'ਜ਼ਿੰਦਗੀ ਰੁਸ਼ਨਾਉਣ ਲਈ ਚਿਰਾਗ'

ਉਹ
ਹੁਣ ਦਰਗਾਹਾਂ 'ਤੇ ਵੀ
ਨਹੀਂ ਆਉਂਦਾ
ਤੂੰ ਉਸ ਨੂੰ ਉਡੀਕਦਾ ਫ਼ਿਰਦਾਂ
ਕਤਲਗਾਹ 'ਚ!

ਸੁਣਿਆ
ਉਹ ਵਸੇ
ਅੱਜ ਕੱਲ੍ਹ ਫ਼ੋਟੋ ਵਾਲੇ ਪੱਤਿਆਂ 'ਚ
ਤੇ ਤੂੰ ਚੁੱਕੀ ਫਿਰਦਾਂ
ਬੇਨਾਮ ਰੁੱਖ਼ ਦੀ ਸੂਲੀ!

* * * * * *

ਜ਼ਿੰਦਗੀ ਦਾ ਗੀਤ

ਬੜੇ ਅੱਕ ਚੁੱਕੇ ਹਾਂ
ਸੁਣ
'ਦਿਲ ਵਾਲੇ ਗੀਤ'।

ਕੋਈ ਐਸਾ ਵੀ ਸੁਣਾਓ,
ਜੀਹਦੇ ਹਰ ਹਰਫ਼ ਮਿੱਟੀ
ਨਾਲ ਘੁਲ
ਬਣਨ ਲੋਹੇ ਦੇ
ਜੋ ਬਣਨ ਹਥਿਆਰ
ਸਾਡੀ ਜੰਗ ਜੈਸੀ ਜ਼ਿੰਦਗੀ ਲਈ,

ਹੁਸਨ, ਬੇਵਫ਼ਾਈ ਦੀ ਥਾਂ
ਉਸ ਵਿੱਚ ਵਸਿਆ ਹੋਵੇ,
ਕਿਸੇ ਲਾਵਾਰਿਸ ਬਚਪਨ
ਲਈ
ਮਾਂ ਦੀ ਲੋਰੀ ਜੈਸਾ ਕੁਝ।

ਇੱਕ ਜਵਾਨ ਲਈ
ਉਹਦੇ ਗੂੰਗੇ ਅਤੀਤ 'ਤੇ ਅੰਨ੍ਹੇ
ਭਵਿੱਖ ਲਈ ਆਸਰਾ।

ਢੋਲ ਦੇ ਡਗੇ 'ਤੇ ਗਾਉਣ ਵਾਲੇ
ਗੀਤ

ਬੜੇ ਨੇ ਸੁਣੇ
ਪਰ
ਕੋਈ ਐਸਾ ਦੱਸੋ
ਜੋ ਮਰਗ ਵਾਲੇ ਘਰੋਂ ਉਠਦੇ
ਵੈਣਾਂ ਨੂੰ
ਪੇਸ਼ ਕਰੇ
'ਸੰਗੀਤਮਈ ਰੂਪ ਵਿੱਚ'।

ਨੋਟਾਂ ਦੀਆਂ ਗੁੱਟੀਆਂ ਖੁਲ੍ਹਵਾਉਣ ਵਾਲੇ
ਗੀਤ
ਬੜੇ ਨੇ ਸੁਣੇ
ਪਰ
ਕੋਈ ਐਸਾ ਨਾ ਸੁਣਿਆ
ਜੀਹਦੇ ਵਿੱਚ ਹੋਵੇ
ਖ਼ਾਲੀ ਬਟੂਏ 'ਚ ਪਈ
ਬਚਪਨ ਦੀ ਬਲੈਕ ਐਂਡ ਵਾਈਟ ਫੋਟੋ
ਲਈ ਜਵਾਨੀ ਦਾ ਰੰਗ।

ਇਨ੍ਹਾਂ ਸ਼ੋਰ ਵਾਲੇ,
ਜ਼ਿੰਦਗੀ ਦੀ ਅਸਲੀਅਤ ਤੋਂ ਦੂਰ
ਵਾਲੇ ਗੀਤਾਂ
ਸਾਹਿਤ ਨੂੰ ਬਦਲਿਆ
ਕਾਗਜ਼ ਕਾਲੇ ਕਰਨ ਦੇ ਨਜਾਇਜ਼
ਨਾਮ 'ਚ

ਅੱਖਾਂ 'ਚ ਡੁੱਬਣ ਵਾਲੇ
ਗੀਤਕਾਰਾਂ ਨੂੰ

ਇੱਕ ਵਾਰ ਨਹੀਂ ਆਇਆ ਖ਼ਿਆਲ
ਕਰਜ਼ੇ ਦੇ ਲਹੂ ਸਾਗਰ 'ਚ ਡੁੱਬੇ
ਕਿਸਾਨ ਦਾ

ਉਸ ਨੂੰ ਨਹੀਂ ਆਇਆ
ਪੈਰਾਂ ਹੇਠ ਆਈਆਂ ਪੱਗਾਂ
ਤੇ
ਪਾਟੀਆਂ ਚੁੰਨੀਆਂ ਤੇ ਤਰਸ ?

ਸਾਨੂੰ
ਇੱਕ ਐਸਾ ਗੀਤ ਲੋੜੀਂਦਾ
ਜੋ ਸਾਡੇ ਸਹਿਕਦੇ ਖਾਬਾਂ ਨੂੰ
ਦੇਵੇ ਹੌਂਸਲਾ
ਜੋ ਜੋੜੇ
ਸਾਡੇ ਟੁੱਟ ਚੁੱਕੇ ਵਿਸ਼ਵਾਸ ਦੇ ਟੁਕੜੇ।

ਸਾਨੂੰ
ਉਹ ਗੀਤ ਲੋੜੀਂਦਾ,
ਜਿਸ ਵਿੱਚੋਂ ਸੁਣਨ
ਸਾਡੇ ਇੰਟੈਰੋਗੇਸ਼ਨ ਵਿੱਚ ਤੜਪਦੇ
ਵੀਰਾਂ ਦੀਆਂ ਚੀਕਾਂ।

ਜਿਸ ਵਿੱਚ ਝਲਕ ਹੋਵੇ
ਅੱਤਵਾਦ (ਆਪ੍ਰੇਸ਼ਲ ਵੁੱਡਰੋਜ਼) ਦੇ ਨਾਂ 'ਤੇ
ਮਾਰ ਖਪਾਏ,
ਬੇਦੋਸ਼ੇ ਜਵਾਨ ਚਿਹਰਿਆਂ ਦੀ।
ਜਿਸ ਵਿੱਚ ਹੋਣ

ਬੇਪੱਤ ਹੋਈਆਂ
ਸਾਡੀਆਂ ਨੰਗੀਆਂ ਧੀਆਂ, ਭੈਣਾਂ
ਲਈ
'ਕੁਝ ਸ਼ਬਦੀ ਪਰਦੇ'।

ਓਸ ਗੀਤ ਦੀ ਸ਼ੁਰੂਆਤ
ਇੱਕ ਤਾੜੀ ਨਾਲ ਨਹੀਂ
ਇੱਕ ਦਰਦਨਾਕ ਚੀਕ ਨਾਲ ਹੋਣੀ ਚਾਹੀਦੀ ਹੈ

ਪਰ
ਸਾਨੂੰ ਆਸ ਹੈ
ਕੋਈ ਐਸਾ ਗੀਤ ਜ਼ਰੂਰ
ਲਿਖਿਆ ਜਾਊ
ਜਿਸ ਵਿੱਚ ਹੋਣਗੇ
ਸਾਡੀ ਆਪਣੇ ਆਪ ਤੋਂ
ਨਫ਼ਰਤ ਹੋਣ ਦੇ ਕਾਰਨ।

ਜਿਸ ਵਿੱਚ ਗਲਵੱਕੜੀਆਂ
ਹੋਣਗੀਆਂ,
ਮੋਏ ਯਾਰਾਂ ਦੀਆਂ ਯਾਦਾਂ ਲਈ।

ਜਿਸ ਵਿੱਚ ਹੋਵੇਗੀ
ਸਾਡੇ ਪਿੰਡਾਂ ਦੀਆਂ ਨਿੱਕੀਆਂ-ਨਿੱਕੀਆਂ
ਮੰਗਾਂ ਦੀ
'ਵੱਡੀ ਚਰਚਾ'।

ਪਰ
ਸਾਨੂੰ ਭੈਅ ਹੈ,
ਕਿਧਰੇ
ਇਹ ਗੀਤ ਕਾਗਜ਼ 'ਤੇ
ਲਿਖਣ ਤੋਂ ਪਹਿਲਾਂ,
ਪੇਸ਼ ਨਾ ਕਰ ਦਿੱਤਾ ਜਾਵੇ
ਨਕਸਲੀ ਸੋਚ ਦੇ ਰੂਪ ਵਿੱਚ
ਤੇ
ਫਿਰ
ਓਸਦੇ ਸ਼ਬਦ ਤਸ਼ੱਦਦ
ਸਹਾਰਦੇ ਬਣ ਜਾਣ
ਕੋਈ ਮਾਂ-ਭੈਣ ਦੀ ਗਾਲ੍ਹ।

* * * * * *

ਪਾਗਲਪਣ

ਇਹੀ ਮੇਰਾ ਪਾਗਲਪਣ
ਕਿ
ਮੈਂ ਜ਼ਿੰਦਗੀ ਨੂੰ ਦੇਵਾਂ ਨਾਂ
ਮੌਤ ਦਾ

ਮੌਤ ਨੂੰ ਮੁਕਤੀ ਦਾ।

ਨਹੀਂ ਤਾਂ
ਕਿਸਨੂੰ ਹੈ ਵਿਹਲ
ਰੇਸ਼ਮੀ ਜ਼ੁਲਫ਼ਾਂ ਦੇ ਥੱਬੇ
'ਚੋਂ ਮੂੰਹ ਚੁੱਕ ਅੱਖਾਂ
ਖੋਲ੍ਹਣ ਦੀ।

ਇਹੀ....

ਮੈਂ ਇਸ਼ਕ ਦੇ ਕਿੱਸਿਆਂ
ਨੂੰ ਜੋੜਾਂ
G.B. Road ਦੇ ਕਾਰਨਾਮਿਆਂ ਨਾਲ!
ਨਹੀਂ ਤਾਂ
ਮੈਨੂੰ ਕੀ ਲੋੜ ਸੀ
ਜੱਫ਼ੀਆਂ ਦੇ ਨਿੱਘ
ਬੁੱਲ੍ਹਾਂ ਦੇ ਛਰਾਟਿਆਂ ਨੂੰ ਦੁਰਕਾਰਨ ਦੀ
ਇਹੀ....

ਮੈਂ ਕਾਲਜਾਂ ਨੂੰ ਵੇਖਾਂ,
ਹਵਸ ਤੇ ਲੜਾਈਆਂ ਦੇ ਸਿਖਲਾਈ ਸਥਾਨ।

ਇਹੀ....
ਮੈਨੂੰ ਮੇਰੇ ਪਿੰਡ ਦੇ ਕਿਸਾਨ ਨਜ਼ਰ ਆਉਣ

'ਗੁਰਦਿਆਲ ਸਿੰਘ' ਦੇ ਨਾਵਲਾਂ ਦੇ ਪਾਤਰਾਂ ਵਰਗੇ
ਨਾ ਕਿ
'ਮਿਸ ਪੂਜਾ' ਦੇ ਦੋਗਾਣਿਆਂ ਦੇ ਜੱਟਾਂ ਵਰਗੇ

ਇਹੀ.....
ਮੈਨੂੰ ਧੁਰ ਅੰਦਰ ਤੱਕ ਕਰਨ ਪ੍ਰਭਾਵਿਤ
ਫੁੱਟਪਾਥ ਤੇ ਸੁੱਤੇ ਨੰਗੇ ਬਚਪਨ

ਇਹੀ.....
ਮੈਂ ਆਪਣੇ ਘਰ ਪਾਣੀ ਦੀ
ਘਾਟ ਲਈ ਦੇਵਾਂ
ਗੁਆਂਢੀ ਰਾਜ ਨੂੰ ਦੋਸ਼।

ਇਹੀ...
ਮੈਂ ਦੇਵਾਂ
ਦੁਨੀਆਦਾਰੀ ਦੇ ਨਿੱਕੇ-ਨਿੱਕੇ ਸ਼ਿਕਵੇ,
ਗੱਲਾਂ ਨੂੰ
'ਇਨਸਾਨੀ ਸੰਘਰਸ਼, ਜੂਨ-ਹੰਢਾਈ ਦਾ ਨਾਮ'

ਇਹੀ....
ਮੈਂ ਜ਼ਿੰਦਗੀ ਨੂੰ ਬਰਾਤ ਵਾਂਗ

ਵੇਖਣ ਦੀ ਬਜਾਏ ਵੇਖਾਂ
ਯੁੱਧ ਵਾਂਗ,

ਇਹੀ....
ਮੈਂ '84' ਦਾ ਕਾਰਾ
ਯਾਦ ਕਰਾ
ਛਿੜਕਾਂ
ਪੀੜਤਾਂ ਦੇ ਫੱਟਾਂ 'ਤੇ ਲੂਣ
ਜਿਸ ਪਿੱਛੋਂ ਮਿਲੇ
ਦੋਸ਼ੀਆਂ ਨੂੰ
ਵੋਟਾਂ ਲਈ ਪਬਲੀਸਿਟੀ
ਹੋਰ ਕੁਝ ਨਹੀਂ।

ਜੇ ਮਿਲੇ ਤਾਂ
ਕਲੀਨ-ਚਿੱਟ।

ਇਹੀ....
ਮੈਨੂੰ ਜ਼ਿੰਦਗੀ ਸੋਚਣ ਨਾਲੋਂ, ਜਿਉਣ ਨਾਲੋਂ
ਲਿਖ਼ਣ ਲਈ ਜ਼ਿਆਦਾ
ਮਜ਼ਬੂਰ ਹੈ ਕਰਦੀ।

ਇਹੀ ਮੇਰਾ ਪਾਗਲਪਣ
ਕਿ
ਮੈਨੂੰ ਇਹੋ ਪਾਗਲਣਪਣ ਹੈ ਪਿਆਰਾ
ਆਪਣੀ ਜ਼ਿੰਦਗੀ ਨਾਲੋਂ।

* * * * * *

ਕੋਈ ਹੱਕ ਨਹੀਂ

ਸਾਨੂੰ
ਤੁਹਾਡੀ ਕੋਈ
ਪਰਵਾਹ ਨਹੀਂ
ਤੁਹਾਡਾ ਕੋਈ
ਫਿਕਰ ਨਹੀਂ,

ਜੇ ਅਸੀਂ ਆਪਣਾ ਪ੍ਰਭਾਵ
ਛੱਡਣਾ ਹੋਇਆ ਤਾਂ
ਮਰੇ ਹੋਏ ਵੀ
ਛੱਡ ਜਾਵਾਂਗੇ।

ਤੁਸੀਂ
ਸਾਡੇ ਜ਼ਿੰਦਾ ਹੋਣ ਤੋਂ ਨਾ ਘਬਰਾਓ,

ਤੁਸੀਂ ਸੋਚਦੇ ਹੋਵੋਗੇ
ਕਿ
ਕਾਮਯਾਬੀ ਲਿਖੀ ਜਾਂਦੀ
ਏ
ਜਿਉਂਦੀ ਆਤਮਾ ਦੇ ਮੱਥੇ 'ਤੇ

ਪਰ
ਤੁਸੀਂ ਕੀ ਜਾਣੋ
ਲੱਕ ਦੇ ਹੁਲਾਰਿਆਂ ਤੇ

ਕਰੈਡਿਟ ਕਾਰਡ ਦੇ ਦੁਆਲੇ,
ਘੁੰਮਣ ਨੂੰ ਜ਼ਿੰਦਗੀ
ਕਹਿਣ ਵਾਲਿਓ
ਕਿ
ਕਾਮਯਾਬੀ ਤਾਂ
ਕਬਰ 'ਚ ਖ਼ਾਕ ਹੋਏ ਨਕਸ਼ਾਂ 'ਤੇ
ਵੀ ਏ ਆ ਜਾਂਦੀ।

ਕੁਝ ਕੁ
ਬਹਿਰੂਪੀਆਂ ਦੀ
ਪਰਦੇ ਤੇ ਕੀਤੀ ਬੇਸ਼ਰਮੀ
ਨਾਲ
ਤੁਸੀਂ ਉਨ੍ਹਾਂ ਨੂੰ
ਕਹਿੰਦੇ ਹੋ
ਵਤਨ ਦੇ ਹੀਰੋ।

ਤਾਂ ਫ਼ਿਰ
ਉਹ ਕੌਣ ਸਨ ?
ਜੋ ਸਰਾਭੇ ਤੋਂ ਚੱਲ
ਖਟਕੜ ਕਲਾਂ ਹੁੰਦੇ ਹੋਏ
ਬੁੱਕੇ ਉਡਵਾਇਰ
ਦੀ ਲਾਸ਼ ਦੀ ਹਿੱਕ 'ਤੇ।

ਅਚਕਨ ਦੀ ਜੇਬ 'ਤੇ ਫੱਲ ਟੰਗਣ
ਵਾਲੇ ਅਤੇ
ਬੱਕਰੀ ਦੇ ਆਸ਼ਕ ਨੂੰ
ਕੌਮੀ ਆਗੂ ਕਹਿਣ ਵਾਲਿਓ !

ਤੁਹਾਨੂੰ ਕੋਈ ਹੱਕ ਨਹੀਂ
ਦੇਸ਼ ਦੀ ਏਕਤਾ-ਅਖੰਡਤਾ ਅਤੇ
ਧਰਮ ਨਿਰਪੱਖਤਾ ਦੀ ਗੱਲ ਕਰਨ ਦਾ।

* * * * * *

ਜ਼ਿੰਦਗੀ ਦੇ ਸਤਾਏ ਹੋਏ ਲੋਕ

ਇਹ ਜ਼ਿੰਦਗੀ ਦੇ ਸਤਾਏ ਹੋਏ
ਲੋਕ
ਤੁਹਾਨੂੰ ਕਿਤੇ ਵੀ ਮਿਲ ਜਾਣਗੇ।

ਤੁਹਾਡੇ ਹੀ
ਪਿੰਡ, ਸ਼ਹਿਰ ਦੇ
ਕਿਸੇ ਮੋੜ 'ਤੇ

ਕਿਸੇ ਬੱਸ ਅੱਡੇ, ਕਿਸੇ ਪਾਰਕ
ਕਿਸੇ ਵੀ ਰੈਸਟੋਰੈਂਟ ਵਿੱਚ।

ਤੁਹਾਨੂੰ
ਉਨ੍ਹਾਂ ਤੋਂ ਪ੍ਰਾਪਤ ਹੋ ਜਾਣਗੇ
ਉਹ ਸਾਰੇ ਸੱਚ,
ਜੋ ਤੁਸੀਂ ਲੱਭਦੇ ਫ਼ਿਰਦੇ ਓ
ਆਪਣੇ ਗ੍ਰੰਥੀਆਂ, ਪੁਜਾਰੀਆਂ ਤੇ
ਪਾਦਰੀਆਂ ਤੋਂ।

ਤੁਸੀਂ
ਉਨ੍ਹਾਂ ਦੀਆਂ ਅੱਖਾਂ ਪੜ੍ਹਨਾ!
ਤੁਹਾਨੂੰ ਲੱਗਣਗੇ ਝੂਠੇ
ਆਪਣੇ ਵੇਦ ਤੇ ਗ੍ਰੰਥ।
ਤੁਸੀਂ

ਉਨ੍ਹਾਂ ਨੂੰ ਮਰਨ ਦੀ ਬਦਅਸੀਸ
ਦੇ ਕੇ ਮਿਲਣਾ!

ਉਹ ਤੁਹਾਨੂੰ
ਹੱਸ ਕੇ ਗਲ ਲਾ ਲੈਣਗੇ।

19 ਜੁਲਾਈ 2012

* * * * * *

ਦਰਦ

ਓ ਦਰਦੋ ਭੱਜ ਲਓ
ਜਿੱਥੋਂ ਤੱਕ ਭੱਜਣਾ ਤੁਸੀਂ
ਅਸੀਂ ਤਾਂ ਘੇਰ ਹੀ ਲੈਣਾ
ਤੁਹਾਨੂੰ ਆਪਣੀ ਕਲਮ ਨਾਲ।

ਤੁਹਾਡੀ ਕੀ ਹੈ ਮਾਰ ?

ਸਾਨੂੰ ਪਤਾ
ਤੁਸੀਂ ਹੋਵੋਗੇ,

ਕਿਸੇ ਜੱਟ ਦੇ ਖੀਸੇ ਵਿੱਚ।
ਕਿਸੇ ਆਸ਼ਕ ਦੇ ਦਿਲ ਵਿੱਚ,
ਕਿਸੇ ਦਿਹਾੜੀਦਾਰ ਦੀ ਅੱਖ ਵਿੱਚ।

14 ਅਪਰੈਲ 2012

* * * * * *

ਖੁੱਲ੍ਹੀ ਕਵਿਤਾ ਦੇ ਆਲੋਚਕਾਂ ਨੂੰ

ਉਹ ਬੈਗ ਵਿੱਚ ਲੈ ਕੇ
ਨਿਕਲਦੇ ਨੇ,
ਇੱਕ ਕਾਪੀ, ਇੱਕ ਪੈੱਨ ਤੇ ਕੁਝ
ਕੁ ਨਾਕਾਮ ਕਵੀਆਂ ਦੀਆਂ ਕਿਤਾਬਾਂ
ਉਨ੍ਹਾਂ ਦੀ ਸ਼ਰਟ ਦੀ ਜੇਬ ਵਿੱਚ
ਹੁੰਦੇ ਨੇ
ਬਹਿਰ, ਛੰਦ
ਤੇ ਪੈਂਟ ਦੀ ਜੇਬ ਵਿੱਚ
ਆਪਣੀ ਨਾਕਾਮਯਾਬੀ 'ਚ ਲੁਕੋਈ
ਆਪਣੀ ਸਸਤੀ ਸ਼ੌਹਰਤ

ਉਹ ਇਨਸਾਨ ਨੂੰ
ਇੱਕ ਦਵਾਈ ਦੀ ਸ਼ੀਸ਼ੀ ਦੀ
ਤਰ੍ਹਾਂ ਨੇ ਦੇਖਦੇ।
ਜਿਸ 'ਤੇ ਲਿਖੀ ਹੁੰਦੀ ਏ
ਉਸ ਦੀ ਮੁਨਿਆਦ ਖ਼ਤਮ ਹੋਣ ਦੀ
ਤਾਰੀਖ਼

ਉਨ੍ਹਾਂ ਦੀ ਜੀਭ 'ਤੇ
ਹੁੰਦੇ ਨੇ
ਦੋ ਸ਼ਬਦ
'ਰੱਬ ਤੇ ਕਿਸਮਤ'।

ਜੋ ਕਿਸੇ ਫਰੇਬੀ ਯਾਰ ਵਾਂਗ
ਸਾਰੀ ਉਮਰ ਨਹੀਂ ਕੰਮ ਆਉਂਦੇ।

28 ਜੁਲਾਈ 2012

* * * * * *

ਵਜ੍ਹਾ

ਕੋਈ ਤਾਂ ਵਜ੍ਹਾ ਹੋਵੇ
ਜਿਉਣ ਦੀ।
ਉਂਝ
ਕੌਣ ਸਹੇ
ਇਹ ਜ਼ਿੰਦਗੀ।

ਕੋਈ ਕਾਰਨ ਤਾਂ
ਹੋਵੇ
ਕਵਿਤਾ ਦਾ।
ਉਂਝ
ਕਾਹਨੂੰ ਬੇਗਾਨੀਆਂ ਧੀਆਂ
ਨਚਾਉਣੀਆਂ
ਕਾਗਜ਼ਾਂ 'ਤੇ।

ਕੋਈ
ਰੱਬੀ ਭਾਸ਼ਾ 'ਚ
ਹੋਵੇ
ਅਸਲੀਅਤ।
ਉਂਝ
ਕਿੱਥੇ ਘਸਦੇ ਨੱਕ ਤੇ
ਹੋਣ ਬੇਨਤੀਆਂ।

ਕੋਈ ਤਾਂ
ਇਤਬਾਰ ਹੋਵੇ
ਯਾਰੀ ਦਾ
ਉਂਝ
ਕਾਹਨੂੰ ਫ਼ਿਲਮੀ
ਹੀਰੋਇਨਾਂ
ਵਾਂਗ
ਇੱਕ ਦੀਆਂ ਬਾਹਾਂ ’ਚੋਂ
ਨਿਕਲ ਦੂਜੇ ਦੀਆਂ ’ਚ ਚਲੇ ਜਾਣਾ।

28 ਜੁਲਾਈ 2012

* * * * * *

ਓਹੀ

ਇੱਕ ਦਿਨ ਮੇਰੇ ਯਾਰ ਦਾ ਫ਼ੋਨ ਆਇਆ,
ਥੋੜ੍ਹੀ ਗੱਲਬਾਤ ਮਗਰੋਂ ਉਸ ਫ਼ਰਮਾਇਆ,
ਹੋਣ ਸੁਣਾ ਕੋਈ ਨਵੀਂ ਤਾਜ਼ੀ,
ਤਾਂ ਮੈਂ ਵੀ ਸਭ ਸੁਣਾਇਆ
ਕੁਝ ਨਹੀਂ ਬੱਸ
ਓਹੀ ਕੋਟਲੱਖਪਤ ਜੈਸੀ ਚਾਰ ਦੀਵਾਰੀ,
ਸੱਥਰ ਜੈਸਾ ਬੈੱਡ,
ਅਰਥੀ ਵਰਗੇ ਮੇਜ਼
ਮੜ੍ਹੀਆਂ ਜੈਸੀਆਂ ਕੁਰਸੀਆਂ
ਫ਼ਿਲਮੀ ਸਕਰਿਪਟ ਵਰਗੇ ਪੁਰਾਣੇ ਕੱਪੜੇ
ਸਾਇਬੇਰੀਆ ਜੈਸੀ ਫਰਿਜ਼,
ਜੋ ਮੇਰੇ ਦਿਲ ਤੋਂ ਸਿਵਾਏ ਹਰ ਚੀਜ਼ ਨੂੰ ਠੰਡਕ ਦਿਵਾ ਸਕਦੀ ਹੈ।
ਮਨ ਵਾਂਗੂੰ ਬੁਝਿਆ ਬੱਲਬ,
ਕਰਚਿਆਂ ਜੈਸੇ ਨਕਲੀ ਗਲਾਬ,
ਨੋਟਾਂ ਦੀ ਦਲਾਲ ਘੜੀ
ਹਵਸ 'ਚ ਜਕੜਿਆ ਟੀ.ਵੀ.,
ਦੰਗਿਆਂ ਦੇ ਗਵਾਹ ਵਰਗਾ ਪੱਖਾ,
ਪਰਦੇਸੀ ਪੈਰਾਂ ਵਾਂਗ ਸਿਆਹੀ ਛੱਡਦਾ ਪੈੱਨ।
ਇੱਕ ਵਾਰ ਵੀ ਨਾ ਦੇਖੇ ਕਿਸੇ ਅਜੂਬੇ ਦਾ ਪੋਸਟਰ
ਮੋਏ ਕਵੀਆਂ ਦੀਆਂ ਕਿਤਾਬਾਂ,
ਨਹਿਰੀ ਕੁਆਟਰਾਂ ਵਾਂਗ ਖਾਲੀ ਬਟੂਆ,
ਮੋਟਰ ਸਾਇਕਲ, ਕਾਰ, ਟਰੈਕਟਰ,
ਜੋ ਧਰਤੀ 'ਤੇ ਚੱਲਣ 'ਚ ਸਮਰੱਥ

ਪਰ ਉਸ ਤੋਂ ਭੱਜਣ 'ਚ ਅਸਮਰੱਥ।
ਆਸ਼ਕੀ ਅੱਖ ਜੈਸਾ ਨਲਕਾ,
ਕੁਝ ਨਵਾਂ ਹੈ ਤਾਂ ਸੂਰਜ ਦੀ ਸਵੇਰ।
ਜੋ ਸਮਾ ਜਾਵੇਗੀ ਕਰੋੜਾਂ ਸਾਲ ਪੁਰਾਣੀਆਂ
ਸ਼ੈਤਾਨੀ ਰਾਤਾਂ ਦੀ ਬੁੱਕਲ 'ਚ।

* * * * * *

ਸਭ ਤੋਂ ਵੱਡਾ ਸੱਭਿਆਚਾਰ

ਮੇਰੇ ਵੀਰ
ਆ ਜਾ ਦੱਸੀਏ!

ਜ਼ਿੰਦਗੀ ਨੂੰ ਦਲਾਲਾਂ ਵਾਂਗ
ਜਿਉਣ ਤੋਂ ਪਹਿਲਾਂ
ਸਮਝੋ ਕਿਸੇ ਬਾਗੀ ਵਾਂਗ।

ਆ ਜਾ ਦੱਸੀਏ
ਐਲਿਜ਼ਾਬੈੱਥ ਨੂੰ ਕਿ
ਕੋਹਿਨੂਰ ਉਨ੍ਹਾਂ ਕੋਲ ਹੀ ਨਹੀਂ
ਸਾਡੇ ਕੋਲ ਵੀ ਨੇ।

ਕੀ ਹੋਇਆ
ਜੇ ਨੇ ਗੁੰਮਨਾਮ,
ਉਹ ਖੜ੍ਹੇ ਨੇ
ਪਿੰਡ ਦੀਆਂ ਗਲੀਆਂ 'ਚ
ਕਿਸੇ ਪਲੱਸਤਰ ਲੱਥੀ ਹੋਈ ਕੰਧ
ਨਾਲ ਬੁੱਤ ਬਣੇ।

ਉਹ ਘਸ ਰਹੇ ਆ,
ਸ਼ਹਿਰੀ ਫੈਕਟਰੀ ਦੀ ਕਿਸੇ
ਮਸ਼ੀਨ ਨਾਲ।

ਆ ਜਾ ਦੱਸਏ ਕਿ

ਧੀਆਂ ਧਿਆਣੀਆਂ ਨੂੰ
ਗੀਤਾਂ 'ਚ ਪਰੋਣਾ ਹੀ
ਸੱਭਿਆਚਾਰ ਨਹੀਂ ਹੁੰਦਾ।

ਘੱਗਰੇ, ਪਰਾਂਦੇ, ਚਰਖ਼ਿਆਂ
ਦਾ ਨਾਂ ਨਹੀਂ
'ਕਲਚਰ'।

ਅੱਖ ਦੀ ਸ਼ਰਮ 'ਤੇ
ਇੱਜ਼ਤ ਦੇ ਖ਼ਿਆਲ
ਦੇ ਨੇ
ਬੜੇ ਮਾਇਨੇ।

ਜ਼ੁਬਾਨ ਦੇ ਕੰਟਰੋਲ
ਦੇ ਨੇ
ਬੜੇ ਅਰਥ।

ਜ਼ਿੰਦਗੀ ਦੀ ਅਸਲੀਅਤ ਨੂੰ
ਹਿੱਕ ਦੇ ਵਾਲ੍ਹਾਂ ਨਾਲ ਬੰਨ੍ਹ ਕੇ
ਰੱਖਣਾ ਹੀ
ਮਨੁੱਖਤਾ ਦਾ ਸਭ ਤੋਂ ਵੱਡਾ
ਸੱਭਿਆਚਾਰ ਹੈ।

ਇਨਸਾਨੀਅਤ ਦਾ ਸਭ ਤੋਂ
ਵੱਡਾ ਅਧਿਕਾਰ ਹੈ।

19 ਨਵੰਬਰ 2010

* * * * * *

ਘੱਟ-ਗਿਣਤੀਆਂ

ਇਹ ਤਾਂ
ਸਾਡੀ ਸ਼ਰੀਫੀ ਕਹਿ
ਲਓ
ਜਾਂ ਬੇਸ਼ਰਮੀ
ਕਿ
ਅਸੀਂ
ਅੱਜ ਤੱਕ ਜਿਉਂਦੇ
ਹਾਂ।

ਨਹੀਂ ਤਾਂ ਮਾਰਨ ਲਈ
ਸਾਨੂੰ
ਸਾਡੇ 'ਤੇ
ਕੀ-ਕੀ
ਤਸ਼ੱਦਦ ਨੀ ਕੀਤਾ
ਜ਼ਿੰਦਗੀ ਨੇ।

ਖੁਦਕੁਸ਼ੀ ਨੂੰ ਗਲ ਲਾਉਣ ਵਾਸਤੇ,
ਕਿੰਨੀ ਵਾਰ ਗਲਾ
ਘੁੱਟਿਆ ਗਿਆ,
ਸਾਡੇ ਅਰਮਾਨਾਂ ਦਾ।

ਸਾਨੂੰ ਗੁਨਾਹ ਕਰਨ ਵਾਸਤੇ ਉਕਸਾਉਣ ਲਈ,
ਕੀ-ਕੀ ਗੁਨਾਹ ਨੀ ਹੋਏ

ਸਾਡੇ ਨਾਲ।
ਅਸੀਂ
ਸਮੇਂ ਦੀ ਖੱਡ 'ਚ ਰੀਂਗਦੇ
ਫਿਰਦੇ ਉਹ ਕੀੜੇ ਆਂ
ਜਿਨ੍ਹਾਂ ਨੂੰ ਇਨਸਾਨ ਦਾ
ਨਾਮ ਦਿੱਤਾ ਗਿਆ।

22 ਨਵੰਬਰ 2010

* * * * * *

ਉਹ ਉਦੋਂ ਕਿੱਥੇ ਹੁੰਦਾ

ਓ ਅਕਲਾਂ ਵਾਲਿਓ
ਕਿੱਥੇ
ਥੋਡਾ ਪਰਮਾਤਮਾ ?

ਤੁਸੀਂ
ਐਵੇਂ ਹੰਭੇ ਫ਼ਿਰਦੇ
ਹੋ,

ਆਪਣੇ ਘਰ ਤੇ ਓਸਦੇ
ਘਰ ਵਿਚਲੀ
ਵਿੱਥ ਨਾਲ।

ਜੇ ਓਹ ਹੋਵੇ,
ਤੁਹਾਡੇ ਸਿਰ ਤੇ
ਰਹੇ
ਛੱਤ ਵਾਂਗ।

ਤੁਸੀਂ ਖੁਸ਼ ਕਰਨ ਲਈ
ਉਸ ਨੂੰ
ਕਿੰਨੇ ਜਾਨਵਰਾਂ ਦੀ ਬਲੀ ਦਾ
ਟਿੱਕਾ ਲਾਇਆ।
ਓਸ ਖਾਤਿਰ
ਤੁਸੀਂ

ਕਿੰਨੀਆਂ ਨੇ ਭੁੱਖਾਂ ਕੱਟੀਆਂ
ਕਿੰਨੇ ਨੇ ਕੰਮ ਰੋਕੇ।

ਪਰ
ਉਹ ਉਦੋਂ ਕਿੱਥੇ ਹੁੰਦਾ,
ਜਦੋਂ
ਫੁੱਟਪਾਥ 'ਤੇ ਕੁੱਤੇ ਦੀ
ਪੂਛ ਬਣੇ
ਇਨਸਾਨ ਲਈ ਸਿਰ੍ਹਾਣਾ

ਜਦੋਂ ਸੜਕ ਬਣਾਉਣ ਵਾਲਿਆਂ ਦੇ
ਬੱਚਿਆਂ ਲਈ
ਮੋਟਾ ਬੱਜਰ ਹੋਵੇ
'ਮਖਮਲੀ ਬਿਸਤਰ'

ਉਹ
ਉਦੋਂ ਕਿੱਥੇ ਹੁੰਦਾ,

ਜਦੋਂ
ਪਵਿੱਤਰ ਬੀੜਾਂ ਤੇ ਪਵੇ
ਭਾਰੂ
ਕੋਈ ਲੁੱਚਾ ਸਾਧ।

ਉਹ
ਉਦੋਂ ਕਿੱਥੇ ਸੀ ?

ਜਦੋਂ
ਦਿੱਲੀ ਤੇ ਗੁਜਰਾਤ
'ਚ
ਸਾੜੇ ਗਏ
ਦਰਵੇਸ਼ੀ ਚਿਹਰੇ।

ਜਦੋਂ
ਦਾਗ਼ਦਾਰ ਹੋਈਆਂ
ਚਾਨਣੀ ਜੈਸੀਆਂ ਇੱਜ਼ਤਾਂ।

11 ਅਪਰੈਲ 2012

* * * * * *

ਸਾਡੀ ਕਵਿਤਾ

ਇਹ
ਯੂਨੀਵਰਸਿਟੀ ਦੇ ਪ੍ਰੋਫੈਸਰ,
ਬੁੱਧੀ-ਜੀਵੀ ਕੀ ਜਾਨਣ
ਸਾਡੀ ਅਨਪੜ੍ਹ ਪੇਂਡੂ ਕਵਿਤਾ।

ਇਹ ਘੁੰਮਣ ਵਾਲੀਆਂ
ਕੁਰਸੀਆਂ 'ਤੇ ਬੈਠਣ ਵਾਲੇ
ਕੀ ਮਹਿਸੂਸ ਕਰਨ
ਸਾਡੀ ਕਵਿਤਾ ਵਿਚਲੇ
ਸੜਕਾਂ ਦੇ ਧੱਕੇ
ਜਾਂ
ਕੱਚੀਆਂ ਪਹੀਆਂ ਦੀ
ਰਵਾਨਗੀ।

ਇਨ੍ਹਾਂ ਨੂੰ ਕੀ ਪਤਾ
ਜਦ ਸਾਡੀ ਕਵਿਤਾ
ਉਤਰਦੀ ਹੈ ਤਾਂ
ਇਹ ਹੋ ਕੇ
ਆਉਂਦੀ ਹੈ
ਸਾਡੇ ਦਾਣਿਆਂ ਵਾਲੀ
ਭੁੱਖੀ ਸਵਾਤ ਤੋਂ ਲੈ ਕੇ
ਖਾਲੀ ਬਟੂਏ ਦੀਆਂ ਤੰਦਾਂ ਤੱਕ।
ਇਹ ਮਹਿਸੂਸ ਕਰਕੇ
ਆਉਂਦੀ ਹੈ,

ਭੁੱਖੇ ਢਿੱਡਾਂ ਦੇ ਤਰਸੇਵੇਂ
ਤੋਂ ਲੈ ਕੇ
ਰੱਜੀਆਂ ਹੋਈਆਂ ਅੱਖਾਂ ਦੀ
ਅੱਯਾਸ਼ੀ ਤੇ ਬਨਾਮੀ।

ਇਹ
ਇਨ੍ਹਾਂ ਦੀ ਕਵਿਤਾ ਵਾਂਗ
ਕੰਧਾਂ ਨਾਲ ਟੱਕਰਾਂ
ਮਾਰ-ਮਾਰ
ਮਸ਼ੂਕ ਨੂੰ ਯਾਦ ਕਰ
ਨਹੀਂ ਰੋਂਦੀ।

ਇਹ ਸੁਣ ਕੇ ਆਉਂਦੀ ਹੈ
ਮੇਰੇ ਪਿੰਡ ਦੇ ਬੇਰੁਜ਼ਗਾਰ ਜਵਾਨਾਂ
ਦੀਆਂ ਚੀਕਾਂ ਰੂਪੀ ਗਾਲ੍ਹਾਂ।

ਇਹ ਰੋਜ਼ ਗਿਣਤੀ
ਹੈ ਕਰਦੀ
ਕਿ
ਮੇਰੇ ਕਿੰਨੇ ਹਮਦਰਦ
ਇਨਸਾਨੀ ਨਸਲ ਛੱਡ
ਹੋ ਗਏ,
ਜਾਨਵਰਾਂ ਜਾਂ ਪੱਥਰਾਂ ਦੀ
ਜੂਨ ਵਿੱਚ ਸ਼ਾਮਿਲ।
ਇਹ
ਇਨ੍ਹਾਂ ਦੇ ਕਵੀਆਂ ਵਾਂਗ

ਰੁੱਖਾਂ ਤੇ ਬੱਦਲਾਂ ਨਾਲ ਨਹੀਂ
ਖਹਿੰਦੀ।

ਇਹ
ਇਨ੍ਹਾਂ ਦੇ ਕਵੀਆਂ ਵਾਂਗ
ਕੁੜੀਆਂ ਦੇ ਹੋਸਟਲ 'ਚੋਂ ਖੁਸ਼ਬੂ
ਨਹੀਂ ਲੈ ਕੇ ਆਉਂਦੀ।

ਇਹ ਤਾਂ ਪੇਸ਼ ਹੈ
ਕਰਦੀ
ਆਦਮੀ ਦੇ ਆਪਣੇ ਆਪ ਤੋਂ
ਵਿਛੜਨ ਦੀ ਦਾਸਤਾਨ।

ਇਨ੍ਹਾਂ ਨੂੰ ਕੀ ਪਤਾ
ਕਿ
ਸਾਡੀ ਕਵਿਤਾ ਇੱਕ
ਜ਼ਿੰਦਗੀ ਹੈ।

ਇਹ ਹੈ
ਹਾਦਸਿਆਂ ਨਾਲ ਹੰਭੀ ਹੋਈ ਕੱਚੀ ਉਮਰ
ਦੇ ਸਮੇਂ ਤੋਂ ਪਹਿਲਾਂ
ਪੱਕਣ ਦਾ ਅਹਿਸਾਸ।

ਇਨ੍ਹਾਂ ਦੇ ਕਵੀਆਂ ਵਾਂਗ ਇਹ ਕਿਸੇ
ਸਰਕਾਰੀ ਸਨਮਾਨ ਦੀ ਭੁੱਖੀ ਨਹੀਂ।

* * * * * *

ਕਿਵੇ ਹੋ ਸਕਦੈ

ਜ਼ਿੰਦਗੀ ਦੀਆਂ ਠੋਕਰਾਂ ਖਾਈਏ
ਅਸੀਂ ਤੇ
ਸ਼ੌਹਰਤ ਤੁਸੀਂ ਲੈ ਜਾਵੋ
ਇਹ ਕਿਵੇਂ ਹੋ ਸਕਦੈ

ਸੜਕਾਂ 'ਤੇ ਧੱਕੇ ਖਾਈਏ
ਅਸੀਂ ਤੇ
ਚੌਂਕਾਂ 'ਚ ਬੁੱਤ ਲੱਗਣ ਥੋਡੇ ?
ਇਹ ਕਿਵੇਂ ਹੋ ਸਕਦਾ।

ਥਾਣਿਆਂ 'ਚ ਨਾਜਾਇਜ਼
ਤੰਗ ਪ੍ਰੇਸ਼ਾਨ ਹੋਈਏ ਅਸੀਂ
ਤੇ
ਸ਼ਹੀਦ ਕਹਾਓ ਤੁਸੀਂ,
ਇਹ ਕਿਵੇਂ ਹੋ ਸਕਦਾ ?

ਸ਼ਾਇਰੀ ਨੂੰ ਆਪਣੇ ਗੁੰਮਨਾਮ,
ਖੂਨ 'ਚ ਡੋਬ ਕੇ ਲਿਖੀਏ
ਅਸੀਂ ਤੇ
ਕਿਤਾਬਾਂ ਛਪਣ ਤੁਹਾਡੀਆਂ
ਇਹ ਕਿਵੇਂ ਹੋ ਸਕਦਾ ?

ਆਪਣਿਆਂ ਕੋਲੋਂ ਧੋਖੇ

ਖਾਈਏ ਅਸੀਂ ਤੇ
ਜ਼ਿੰਦਗੀ ਦੀ ਅਸਲੀਅਤ 'ਤੇ
ਤਲਖ਼ੀਆਂ ਨੂੰ ਬਿਆਨ ਕਰੋ ਤੁਸੀਂ।
ਇਹ ਕਿਵੇਂ ਹੋ ਸਕਦਾ ?

ਹੁਸੀਨ ਜ਼ੁਲਫ਼ਾਂ ਤੋਂ ਉਮਰ ਭਰ ਦੂਰ
ਰਹੇ ਅਸੀਂ 'ਤੇ
ਤਨਹਾਈ ਤੇ ਇਕਤਰਫ਼ਾ ਇਸ਼ਕ ਦੀ ਪਰਿਭਾਸ਼ਾ
ਦੋਵੇਂ ਤੁਸੀਂ
ਇਹ ਕਿਵੇਂ ਹੋ ਸਕਦਾ ?

ਕੋਰਟ-ਕਚਿਰੀਆਂ 'ਚ ਜ਼ਲੀਲ ਹੋਈਏ
ਅਸੀਂ ਤੇ
ਸਿਸਟਮ 'ਤੇ ਉਂਗਲ ਉਠਾਓ ਤੁਸੀਂ,

ਰੱਬ ਦੀ ਖੋਜ ਦਾ ਐਲਾਨ ਕਰੀਏ
ਅਸੀਂ ਤੇ
ਨਾਸਤਕ ਕਹਾਓ ਤੁਸੀਂ,
ਇਹ ਕਿਵੇਂ ਹੋ ਸਕਦਾ ?

ਦੇਸ਼ ਲਈ ਫਾਂਸੀਆਂ ਚੁੰਮੀਏ
ਅਤੇ ਹਿੱਕਾਂ 'ਤੇ ਗੋਲੀਆਂ ਖਾਈਏ
ਅਸੀਂ ਤੇ
'ਰਾਸ਼ਟਰ ਪਿਤਾ' ਕਹਾਓ ਤੁਸੀਂ
ਇਹ ਕਿਵੇਂ ਹੋ ਸਕਦਾ ?

* * * * * *

ਰੁਮਾਂਟਿਕ ਤੇ ਮੌਸਮੀ ਕਵੀਆਂ ਨੂੰ

ਜਿਉਂਦੇ ਰਹੋ ਮਾਂ ਦੇ ਪੁੱਤੋ ਧੀਓ,

ਤੁਹਾਨੂੰ ਥੋਡੀ ਮਾਂ ਨੇ ਜੰਮਿਆ
ਮਿੱਟੀ 'ਤੇ
ਤਸੀਂ ਗੱਲਾਂ ਕਰਦੇ
ਓ
ਰੁੱਖਾਂ ਬੱਦਲਾਂ 'ਤੇ ਫੱਲਾਂ ਦੀਆਂ।

ਸੋਫ਼ੇ 'ਤੇ ਬੈਠ ਕੌਫ਼ੀ ਦੀ ਘੁੱਟ ਭਰ ਕੇ
ਕਵਿਤਾ ਲਿਖਣ ਵਾਲਿਓ
ਤੁਹਾਨੂੰ ਜ਼ਿੰਦਗੀ
ਅੱਖਾਂ ਲੜਾ ਕੇ
ਇਸ਼ਕ ਫ਼ਰਮਾਉਂਦੀ,
ਕਾਮ ਖਾਤਿਰ
ਬੇਵਫ਼ਾ ਹੁੰਦੀ
ਤੇ
ਰੱਬ ਮੂਹਰੇ
ਲੇਲੜੀਆਂ ਕੱਢਦੀ
ਤਾਂ ਨਜ਼ਰ ਹੈ ਆਉਂਦੀ
ਪਰ
ਥੋਨੂੰ ਜ਼ਿੰਦਗੀ
ਰੋਟੀ ਖਾਤਿਰ

ਸੜਕਾਂ ’ਤੇ ਲੁੱਕ ਨਾਲ ਜੰਮਦੀ,
ਕਰਜ਼ੇ ਦੀ ਮਾਰੀ
ਜਾਮਣ ਦੇ ਟਾਹਣੇ ਨਾਲ
ਲਟਕਦੀ
ਨਜ਼ਰ ਨਹੀਂ ਆਉਂਦੀ

ਲੋਕਾਂ ਦੀਆਂ ਧੀਆਂ ਭੈਣਾਂ ਨੂੰ
ਮਸ਼ੂਕ ਕਹਿ
ਉਨ੍ਹਾਂ ਦੇ ਵਾਲਾਂ ’ਚ ਫੁੱਲ ਟੰਗਣ ਵਾਲਿਓ
ਤੇ
ਉਨ੍ਹਾਂ ਨੂੰ ਬੇਵਫ਼ਾ ਕਹਿ
ਉਨ੍ਹਾਂ ਦੇ ਵਿਯੋਗ ’ਚ ਗੀਤ ਲਿਖਣ ਵਾਲਿਓ
ਜਦ ਕੋਈ ਤੁਹਾਡੀ
ਧੀ ਭੈਣ ਨੂੰ ਮਸ਼ੂਕ ਕਹੇ
ਉਦੋਂ ਤੁਹਾਡਾ ਬੰਦਾ ਬਹਾਦਰ
ਕਿੱਥੋਂ ਜਾਗ ਪੈਂਦਾ।

ਕਿਸੇ ਜਨਾਨੀ ਮਗਰ
12 ਸਾਲ ਮੱਝਾਂ ਚਾਰਨਾ
ਇਹ ਕਿਹੜਾ ਮਹਾਨ ਕੰਮ ਆ
ਇੱਕ ਆਸ਼ਕ ਨੂੰ ਤੁਸੀਂ
‘ਕੌਮੀ ਨਾਇਕ’ ਵਾਂਗ ਪੇਸ਼ ਕਰਦੇ ਹੋ,
ਕੀ ਇਹ ਪਾਗਲਪਣ ਨਹੀਂ ?

ਪੈਰੀਂ ਘੁੰਗਰੂ ਬੰਨ੍ਹ ਕੇ ਨੱਚ-ਨੱਚ ਕੇ
ਯਾਰ ਨੂੰ ਮਨਾਉਣ ਦੀ
ਗੱਲ ਕਰਨ ਵਾਲਿਓ,

ਤੁਹਾਡੇ ਤੋਂ ਇੱਕ ਮਰਦ
ਆਪਣੀ ਸੂਰਮਗਤੀ ਦੀ ਕਹਾਣੀ
ਲਿਖਾਉਣ ਦੀ ਕੀ ਉਮੀਦ ਕਰ ਸਕਦਾ।

* * * * * *

ਸਵਾਲ

ਜੇ ਸੰਗੀਤ ਰੂਹ ਦੀ ਖੁਰਾਕ ਹੈ ਤਾਂ
ਕਵਿਤਾ ਕੀ ਹੋਈ

ਜੇ ਗਾਉਣ ਵਾਲੇ ਦੇ ਗਲੇ ਤੇ
ਮਾਂ ਸਰਸਵਤੀ ਮਿਹਰਬਾਨ ਹੈ ਤਾਂ
ਕਵੀ ਦੇ ਹੱਥਾਂ ਨੂੰ
ਕੀਹਦਾ ਆਸਰਾ ?

25 ਦਸੰਬਰ 2015

* * * * * *

ਗੁੰਮਨਾਮ

ਉਹ ਜੋ ਨਿੱਤ ਜ਼ਲੀਲ ਹੁੰਦੇ ਨੇ
ਜ਼ਿੰਦਗੀ ਤੋਂ
ਕਿਹੜੇ ਮੂੰਹ ਨਾਲ ਟੱਕਰਣਗੇ ਮੌਤ ਨੂੰ

ਉਹ ਜੋ ਨਿੱਤ ਭੁੱਖੇ ਸੁਆ ਦਿੰਦੇ ਨੇ
ਆਪਣੇ ਸੁਪਨਿਆਂ ਨੂੰ
ਉਹਨਾਂ ਨੂੰ ਕਿੰਝ ਪਤਾ ਲੱਗੂ ਕਿ
ਕਈ ਵਾਰ ਮਜ਼ਬੂਰੀ ਵੀ ਰੋਟੀ ਬਣ ਕੇ ਆ ਜਾਂਦੀ ਏ

ਉਹ ਜੋ ਆਦਮੀਆਂ 'ਚੋਂ ਇਨਸਾਨ ਤਰਾਸ਼ਦੇ-ਤਰਾਸ਼ਦੇ
ਖੁਦ ਜਾਨਵਰ ਹੋ ਗਏ
ਉਹ ਸੰਘਰਸ਼ ਕਰ ਰਹੇ ਨੇ
ਆਪਣੀ ਨਵੀਂ ਨਸਲ ਦੇ ਨਾਮ ਲਈ

11 ਨਵੰਬਰ 2015

* * * * * *

ਕਾਵਿ-ਖ਼ਿਆਲ

ਸਾਡੇ ਸੁਪਨੇ ਜੋ ਵਿਲਕ ਰਹੇ ਨੇ
ਗੁੰਮਨਾਮੀ ਦੀ ਦਹਿਲੀਜ਼ 'ਤੇ ਜੇ ਪੂਰੇ ਹੋ ਗਏ ਤਾਂ
ਕਿਸੇ ਜ਼ਾਲਿਮ ਡਿਕਟੇਟਰ
ਵਾਂਗ ਬਹੁਤ ਖ਼ਤਰਨਾਕ ਹੋਣਗੇ।

ਉਨ੍ਹਾਂ ਨੂੰ ਗ਼ਲਤਫਹਿਮੀ ਹੈ
ਕਿ ਉਹ ਔਰਤ ਦਾ ਪਿਆਰ ਲੈ ਕੇ ਰੱਬ ਪਾ ਲੈਣਗੇ
ਕਾਸ਼! ਉਨ੍ਹਾਂ ਨੂੰ ਅਕਲ ਹੋਵੇ ਕਿ ਜੇ
ਅਜਿਹਾ ਹੁੰਦਾ ਤਾਂ ਅੱਜ ਦੇ ਮਾਡਰਨ ਕੰਜਰਾਂ
ਦੇ ਘਰ ਦੇ ਗੇਟ ਦੇ ਬਾਹਰ ਲਿਖਿਆ
ਹੁੰਦਾ ਕਿ ਅੰਦਰ ਨੰਗੇ ਸਿਰ ਜਾਣਾ ਮਨ੍ਹਾ ਹੈ।

ਅੱਜ ਇੱਕ ਅਵਾਰਾ ਸ਼ਾਇਰ ਦੀ ਕਤਲ ਕੀਤੀ ਹੋਈ ਲਾਸ਼ ਮਿਲੀ,
ਓਸ ਸ਼ਹਿਰ ਦੇ ਕਿਸੇ ਮੋੜ ਤੋਂ
ਜਿੱਥੇ ਹਰ ਕੰਧ ਦੇ ਉੱਪਰ ਲਿਖਿਆ ਹੋਇਆ ਸੀ
ਮਾਂ ਬੋਲੀ ਦੀ ਸੇਵਾ ਕਰਨ ਵਾਲਿਆਂ ਨੂੰ ਇੱਥੇ
ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਤੁਸੀਂ ਕਹਿੰਦੇ ਹੋ
ਸਾਰੇ ਧਰਮ ਨੇ ਬਰਾਬਰ ਤਾਂ ਫਿਰ
ਇੱਕ ਧਰਮ ਦਾ ਸ਼ਹੀਦ
ਕਿਸੇ ਦੂਜੇ ਧਰਮ 'ਚ ਕਾਫ਼ਰ
ਕਿਉਂ ਕਹਾਉਂਦਾ।

ਇਹ ਜ਼ਿੰਦਗੀ ਆ ਖੌਰੇ ਕਿਸਮਤ
ਜਾਂ
ਓਸ ਰੱਬ ਦੀ ਹੈਵਾਨੀਅਤ
ਕਈਆਂ ਦੇ ਤਾਂ ਸੁਪਨੇ ਵੀ
ਪੂਰੇ ਹੋ ਜਾਂਦੇ ਆ ਤੇ
ਕਈਆਂ ਦੀ ਭੁੱਖ ਵੀ ਪੂਰੀ ਨਹੀਂ ਹੁੰਦੀ।

ਇੱਕ ਰਕਾਨ ਦੀ ਸਿਫ਼ਤ ਜਾਂ ਬੇਵਫ਼ਾਈ ਨੂੰ ਲਿਖ-ਲਿਖ ਕਿਤਾਬਾਂ ਭਰ ਕੇ
ਖ਼ੁਦ ਨੂੰ ਰੋਮਾਂਟਿਕ ਦੌਰ ਦੇ ਵੱਡੇ ਕਵੀ ਕਹਾਉਣ ਵਾਲੇ
ਕੂੜੇ ਦੇ ਢੇਰ 'ਚੋਂ ਰਿਜ਼ਕ ਭਾਲਦੇ ਬਚਪਨ ਨੂੰ ਸਿਰਫ਼ ਗਰੀਬੀ ਲਿਖ ਕੇ
ਚੁੱਪ ਨੇ ਕਰ ਜਾਂਦੇ।

ਉਦੋਂ ਹੀ ਮੰਗਿਆਂ ਏ ਰਿਜ਼ਕ ਮੇਰੇ ਦਰਦਾਂ ਨੇ
ਜਦ ਮੈਂ ਮੰਗੀ ਏ ਵਫ਼ਾ ਮੁਹੱਬਤ ਤੋਂ

ਜੇ ਸਮੇਂ ਨੇ ਸਾਥ ਦਿੱਤਾ ਤਾਂ ਦੁਨੀਆ ਨੂੰ ਦੱਸਾਂਗੇ ਕਿ
ਕੀ ਹੁੰਦੀ ਹੈ ਕਲਮ ਜਿਸ ਨੂੰ ਉਹ ਸ਼ਰਟ ਦੀ ਜੇਬ 'ਚ ਟੰਗੀ ਨੂੰ ਸਿਰਫ
ਇੱਕ ਫੁੱਲ ਦੀ ਤਰ੍ਹਾਂ ਹੈ ਦੇਖਦੀ।

ਕੋਈ ਹੋਰ ਆਕਾਸ਼ ਹੈ ਤਾਂ ਦੱਸ ਦੋਸਤਾ
ਜਿਸ 'ਤੇ ਭਰ ਸਕੀਏ ਅਸੀਂ ਆਪਣੇ
ਨਾਸਤਕ ਸੁਪਨਿਆਂ ਦੀ ਉਡਾਰੀ
ਕਿਉਂਕਿ ਤੇਰੇ ਇਸ ਦੇਸ਼ ਦੇ ਆਕਾਸ਼ ਨੂੰ ਤਾਂ ਲੋਕ ਰੱਬ ਨੇ ਕਹਿੰਦੇ।

ਤੇਰੀ ਐਨੀ ਵੀ ਨੀ ਔਕਾਤ ਕਿ ਤੂੰ ਰੱਬ ਬਣ ਜਾਵੇ
ਅਸੀਂ ਐਨੇ ਵੀ ਨੀ ਗਿਰੇ ਕਿ ਤੇਰੇ ਆਸ਼ਕ ਹੋ ਜਾਈਏ

ਆਪਣੇ ਆਪ ਨੂੰ ਫ਼ਕੀਰ ਦੱਸਣ ਵਾਲਿਓ ਤੇ ਜ਼ਿੰਦਗੀ ਨੂੰ
ਰੂਹਾਨੀਅਤ ਦਾ ਨਸ਼ਾ ਆਖਣ ਵਾਲਿਓ
ਤੁਸੀਂ ਇੱਕ ਰੋਟੀ ਲਈ ਮੁਹਤਾਜ਼ ਕਿਸੇ ਦਿਹਾੜੀਦਾਰ ਦੀ ਅੱਖ 'ਚ
ਵੇਖਿਓ ਤੁਹਾਨੂੰ ਨਜ਼ਰ ਆਵੇਗਾ
ਐਨਾ ਦਰਦ ਜੋ ਤੁਹਾਨੂੰ ਆਪਣੇ ਸ਼ਿਵ ਦੀਆਂ ਨਜ਼ਮਾਂ ਤੇ ਨੁਸਰਤ
ਦੀਆਂ ਗਰਾਰੀਆਂ (ਕਵਾਲੀਆਂ) 'ਚੋਂ ਵੀ ਨਹੀਂ ਲੱਭਣਾ।

ਕਈ ਲੋਕਾਂ ਨੂੰ ਸਾਰੀ ਉਮਰ ਨੀ ਇਹ ਪਤਾ ਲੱਗਦਾ ਕਿ ਪਾਲਿਸ਼
ਬੂਟਾਂ ਲਈ ਵਰਤੀ ਜਾਂਦੀ ਹੈ ਕਿ ਬੰਦੇ ਲਈ।

ਮੇਰੀ ਗੁੰਮਨਾਮੀ ਦੇ ਅਸਮਾਨ 'ਤੇ ਨਿਕਲਦੇ ਨੇ
ਮੇਰੀ ਹੀ ਨਾਕਾਮਯਾਬੀ ਦੇ ਤਾਰੇ
ਜਿਸ ਦੇ ਥੱਲੇ ਤੇਰੇ ਜੈਸੀ ਕਿਸਮਤ ਨੂੰ
ਰਾਤ ਕੱਟਣ ਦੀ ਇਜਾਜ਼ਤ ਨਹੀਂ।

ਜ਼ਿੰਦਗੀ ਨੂੰ ਸਕੂਨ ਤੇ ਸ਼ਾਂਤੀ ਦੀ ਪਰਿਭਾਸ਼ਾ ਦੱਸਣ ਵਾਲੀਏ ਤੈਨੂੰ
ਚੁੱਲ੍ਹੇ 'ਤੇ ਬੈਠੀ ਨੂੰ ਕੀ ਪਤਾ।
ਜਦ ਸੁਪਨੇ ਕਤਲ ਹੁੰਦੇ ਨੇ ਤਾਂ ਜ਼ਿੰਦਗੀ ਬਗਾਵਤ ਕਰਦੀ ਹੀ
ਕਰਦੀ ਹੈ।

ਤੁਸੀਂ ਰੱਬ ਨੂੰ ਨਾ ਮੰਨਣ ਵਾਲੇ ਨੂੰ ਬੰਦਾ ਨਹੀਂ ਮੰਨਦੇ
ਪਰ ਬੰਦੇ ਨੂੰ ਰੱਬ ਮੰਨਣ ਲੱਗੇ ਜਾਂਦੇ ਹੋ।
ਇਹ ਤੁਹਾਡਾ ਕਿਹੜਾ ਤਰਕ ਹੋਇਆ।

ਕੀ ਹੁੰਦੇ ਨੇ ਸੁਪਨੇ।
ਸੁਪਨੇ ਹੁੰਦੇ ਨੇ ਪਾਗਲਪਣ ਦੇ ਦੌਰੇ 'ਚ ਵੇਖੇ ਕੁਝ ਹੁਸੀਨ ਪਲ।
ਜਿਨ੍ਹਾਂ ਨੂੰ ਇਹ ਕਬੀਲਦਾਰੀ ਚੁਣ-ਚੁਣ ਕੇ ਸ਼ਰੇਆਮ ਹੈ ਕਤਲ ਕਰਦੀ।

ਸੁਣਿਆ ਉਹ ਹੁਣ ਰੱਬ ਦੇ ਜ਼ਿਆਦਾ ਨੇੜੇ ਹੋ ਗਿਆ।
ਤਾਂ ਹੀ ਤਾਂ ਨੱਕ ਘਸਾਏ ਬਿਨਾਂ ਹੁਣ ਕਿਸੇ ਦੀ ਸੁਣਦਾ ਨਹੀਂ।

ਵਕਤ ਨਾਲ ਨਹੀਂ, ਵਕਤ ਨੂੰ ਹੈ ਬਦਲਣਾ ਆਪਾਂ।

ਉਹ ਜ਼ਿੰਦਗੀ ਨਾਮ ਦੀ ਚੀਜ਼ ਸਾਡੇ ਆਲੇ ਦੁਆਲੇ ਨਹੀਂ
ਭਟਕਣ ਦਿੰਦੇ ਤੇ ਫਿਰ ਪੁੱਛਦੇ ਨੇ ਕਿ ਤੂੰ ਕਵੀ ਕਿਵੇਂ ਬਣ ਗਿਆ।

ਕਿਸੇ ਲਈ ਧਰਮ ਵੀ ਸਾਜਿਸ਼ ਹੈ ਤੇ ਕਿਸੇ ਲਈ ਹੁਸਨ ਵੀ ਰੱਬ ਹੋ ਗਿਆ।

ਜਿਸ ਚੀਜ਼ ਨੂੰ ਵੀ ਚਾਹੀਏ, ਚਾਹੀਏ ਸ਼ਿੱਦਤ ਨਾਲ ਚਾਹੇ ਉਹ
ਮੌਤ ਹੀ ਕਿਉਂ ਨਾ ਹੋਵੇ।

ਪੱਥਰਾਂ ਦੇ ਵਿੱਚ ਇੱਕ ਵਗਦੀ ਸੀ ਨਦੀ,
ਕਿਸੇ ਮਾਰੂਥਲ ਵੱਸ ਜਦੋਂ ਪਈ,
ਸੀਨੇ 'ਤੇ ਹੰਢਾ
ਖੁਸ਼ਕ ਰੇਤ ਦੀ ਜੂਨ
ਉਹਨੂੰ ਫੇਰ ਪਤਾ ਲੱਗਿਆ
ਪਿਆਸ ਹੁੰਦੀ ਹੈ ਕੀ ?

ਹੁਨਰ ਹੋਤਾ ਨਹੀਂ ਲੋਗੋਂ ਮੇਂ ਚਿੰਗਾਰੀ ਕਾ
ਔਰ ਬਨਨਾ ਚਾਹਤੇ ਹੈਂ ਸ਼ੌਹਰਤ ਕਾ ਸੂਰਜ

8 ਨਵੰਬਰ 2016

ਤੂੰ ਐਬ ਬਣ ਜਾ ਮੇਰੇ ਲਈ
ਮੈਂ ਤੇਰੇ ਲਈ ਦੁਆ ਬਣ ਜਾਊਂ

22 ਜਨਵਰੀ 2017

ਜਿਸਮ ਨਾ ਬਣ ਲੋਕ ਵਰਤਣਗੇ
ਰੂਹ ਬਣ ਜਾ... ਲੋਕ ਗੱਲਾਂ ਕਰੀ ਜਾਣ...
ਪਰ ਕੋਈ ਭੇਤ ਨਾ ਜਾਣ ਸਕੇ

23 ਜਨਵਰੀ 2017

ਆਸ਼ਿਕ ਹੈ... ਮੁਹੱਬਤ ਕਾ ਭੂਖਾ ਤੋ ਹੋਗਾ ਹੀ
ਕੋਈ ਬੱਚਾ ਤੋ ਨਹੀਂ.. ਜੋ ਉੜਤੀ ਹੂਈ ਤਿਤਲੀ ਦੇਖ ਕਰ ਖੁਸ਼ ਹੋ ਜਾਏ

25 ਜੁਲਾਈ 2015

ਸਾਨੂੰ ਕਦੋਂ ਮਿਲੀ ਏ ਜ਼ਿੰਦਗੀ.. ਕਿਸੇ ਬਰਫ਼ਬਾਰੀ 'ਚ ਮੂੰਹ ਤੇ ਸ਼ਾਲ
ਲਪੇਟ ਤੁਰੀ ਆਉਂਦੀ ਕਿਸੇ ਸੁਨੱਖੀ ਕਸ਼ਮੀਰਨ ਜਿਹੀ
ਸਾਨੂੰ ਤਾਂ ਇਹ ਹਮੇਸ਼ਾ ਦਾਜ ਦੀ ਖਾਤਰ ਅੱਗ ਨਾਲ ਸਾੜੀ ਕਿਸੇ
ਪੰਜਾਬਣ ਧੀ ਵਾਂਗ ਤੜਫਦੀ ਹੀ ਹੈ ਮਿਲੀ

7 ਅਗਸਤ 2015

ਕੀ ਲੈਣਾ ਤੂੰ ਅਫਰੀਕਾ ਦੇ ਜੰਗਲਾਂ ਵਰਗੀ ਖਾਨਾਬਦੋਸ਼ੀ ਤੋਂ ਅੜੀਏ
ਤੂੰ ਲਾਸ ਵੇਗਾਸ ਜਿਹੀ ਰੰਗੀਨੀ ਲੱਭ ਲੈ

7 ਸਤੰਬਰ 2015

ਸਪਨੋਂ ਕੋ ਕਹਾ ਕਰ ਔਕਾਤ ਮੇਂ ਰਹਾ ਕਰੇਂ
ਯੇ ਜ਼ਿੰਦਗੀ ਹੈ ਕੋਈ ਸਲਮਾਨ ਕੀ ਫਿਲਮ ਨਹੀਂ..ਜੋ ਪੂਰੇ ਹੋ ਜਾਏਂ

ਵੋ ਇਕਤਰਫਾ ਇਸ਼ਕ ਕਾ ਦਰਦ.. ਵੋ ਜਿੰਦਗੀ ਕੀ ਮਜ਼ਬੂਰੀਆਂ
ਵੋ ਜਿਸਮੋਂ ਕੀ ਚਾਹਤ..ਵੋ ਦਿਲੋਂ ਕੀ ਦੂਰੀਆਂ

24 ਜਨਵਰੀ 2015

ਬੜਾ ਸਕੂਨ ਹੈ ਜਿੰਦਗੀ ਮੇਂ
ਮੁਹੱਬਤ ਮਿਲ ਜਾਏ ਤੋ ਕਿਆ ਬਾਤ..ਤੂਫਾਨ ਆ ਜਾਏ

ਉਹ ਕਹਿੰਦੀ ਤੇਰੀ ਕਵਿਤਾ ਵਿੱਚ ਪਿਆਰ ਦਾ ਜ਼ਿਕਰ ਨਹੀਂ ਹੁੰਦਾ
ਮੈਂ ਕਿਹਾ,ਮੈਂ ਕਵਿਤਾ ਲਿਖਦਾਂ..ਲਵ-ਲੈਟਰ ਨਹੀਂ

4 ਅਗਸਤ 2014

ਜਾਓ ਆਗ ਕੋ ਕਹਿ ਦੋ
ਜਾ ਕਰ ਜਲੇ ਜਵਾਨ ਕਬਰੋਂ ਪਰ ਰਖੇ ਚਿਰਾਗੋਂ ਮੇਂ ਯਾ ਕਿਸੀ ਗਰੀਬ ਕੇ ਚੁਹਲੇ ਮੇਂ
ਦਿਲ ਇਸਕੇ ਬਾਪ ਕੀ ਜਾਗੀਰ ਨਹੀਂ.. ਯਹਾਂ ਵੋ ਬਾਰ-ਬਾਰ ਚਲੀ ਆਤੀ ਹੈ

22 ਦਸੰਬਰ 2015

ਵੱਖਰੇ ਚਿਹਰੇ ਨਹੀਂ..ਵੱਖਰੇ ਖਿਆਲ ਹੁੰਦੇ ਆ
ਜਵਾਬ ਨੂੰ ਜੋ ਖਾਮੋਸ਼ ਕਰਨ..ਉਹੀ ਸਵਾਲ ਹੁੰਦੇ ਆ

7 ਦਸੰਬਰ 2015

ਉੱਡ ਜਾਂਦੀਆਂ ਨੇ ਖਾਬਾਂ ਦੀਆਂ ਤਿਤਲੀਆਂ
ਜਦੋਂ ਆ ਜਾਂਦੇ ਨੇ ਕਬੀਲਦਾਰੀ ਦੇ ਨਾਗ

23 ਫਰਵਰੀ 2016

ਛੋੜੋ ਜਿਸਮ ਕੀ ਬਾਤੋਂ ਹੈਰਾਨ ਕਰੇਂਗੀ
ਛੋੜੋ ਦਿਲ ਕੀ ਬਾਤੋਂ ਪਰੇਸ਼ਾਨ ਕਰੇਂਗੀ

20 ਫਰਵਰੀ 2016

ਮਤ ਪੂਛ ਹਾਲ ਬੇਬਸੀ ਕਾ
ਖਾਬ ਸੋਨਾ ਹੈ ਔਰ ਹਕੀਕਤ ਮਿੱਟੀ

1 ਜੁਲਾਈ 2016

ਕਿਸ ਕਦਰ ਤੱਕ ਗੁੰਮਰਾਹ ਹੂਏ ਹੈਂ.. ਮੇਰੇ ਦੇਸ਼ ਕੇ ਲੋਗ
ਬਦਲਤੇ ਮੌਸਮ ਕੇ ਮਿਜ਼ਾਜ ਕੋ ਭੀ ਖੁਦਾ ਕੀ ਆਦਤ ਕਹਤੇ ਹੈਂ

22 ਅਗਸਤ 2016

ਨਸ਼ਾ ਦੇਤੀ ਹੈ ਮੁਝੇ ਮੇਰੀ ਹੀ ਗੁੰਮਨਾਮੀ
ਯੇ ਆਖੋਂ ਕੇ ਜਾਮ ਮੁਝੇ ਅੱਛੇ ਨਹੀਂ ਲੱਗਤੇ

ਜ਼ਿੰਦਗੀ ਕੋਈ ਮਸ਼ੂਕ ਦੀ ਬਾਂਹ ਨਹੀਂ ਕਿ ਕਦੋਂ ਮਰਜ਼ੀ ਫੜ ਲਈ
ਇਹ ਤਾਂ ਬੇਬੇ ਦੇ ਸੰਦੂਕਾਂ ਥੱਲੇ ਗੁਆਚੀ ਹੋਈ ਸੂਈ ਵਰਗੀ ਆ
ਜਿਹੜੀ ਮਸਾਂ ਈ ਥਿਉਂਦੀ ਆ

ਵੋ ਏਕ ਭੀੜ ਥੀ.. ਜਿਸ ਮੇਂ ਹਰ ਕੋਈ ਖੋ ਜਾਤਾ ਥਾ
ਔਰ ਵੋ ਥਾ ਏਕ ਤਮਾਸ਼ਾ..ਜਿਸੇ ਹਰ ਏਕ ਰੁਕ-ਰੁਕ ਕਰ ਦੇਖਤਾ ਥਾ